# ਅੰਮ੍ਰਿਤ ਕੀਰਤਨ



ਪਿੰਜੌਰ ਦੇ ਭੀਮਕਾਲੀ ਮੰਦਰ ਵਿੱਚ ਤੇਰ੍ਹਵੀਂ ਸਦੀ ਦੇ ਸੰਗੀਤਕਾਰਾਂ ਦਾ ਉਕਰਿਆ ਹੋਇਆ ਚਿੱਤਰ

ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ

ਅਕਤੂਬਰ 1999 ■ ਮੁੱਲ : 10 ਰੁਪਏ

# ਅੰਮ੍ਰਿਤ ਕੀਰਤਨ

ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 10 ◆ ਸਾਲ ਗਿਆਰਵਾਂ ◆ ਅਕਤੂਬਰ 1999



2 ਮਿਤ੍ਰ ਅਸਾਡੜੇ ਸੇਈ

3 ਕਰਉ ਬੇਨੰਤੀਆ

4 ਗਾਡੀ ਰਾਹੁ ■ ਡਾ. ਸੁਰਜੀਤ ਸਿੰਘ ਕੁੰਜਾਹੀ

7 ਖ਼ਾਲਸਾ ਤੇ ਵਾਤਾਵਰਣ ਦੀ ਸੇਵਾ ■ ਰਾਜਬੀਰ ਸਿੰਘ ਆਟੋਪਿੰਨ

10 ਖ਼ਾਲਸੇ ਦੀ 300ਵੀਂ ਵਰ੍ਹੇਗੰਢ ਦਾ ਹੁਣ ਜਸ਼ਨ ਮਨਾਈਏ ■ ਭਗਵੰਤ ਸਿੰਘ ਦਲਾਵਰੀ

15 "ਆਪੇ ਬੀਜਿ ਆਪੇ ਹੀ ਖਾਹੁ" ■ ਬਬਲੀ ਐਸ. ਸਿੰਘ

18 ਪੰਜਾਬ ਦੇ ਲੋਕ ਸਾਜ ■ ਪ੍ਰੋ. ਅਨਿਲ ਨਰੂਲਾ

21 ਲਾਲ ਰੰਗੁ ਤਿਸ ਕਉ ਲਗਾ, ਜਿਸ ਕੇ ਵਡਭਾਗਾ ■ ਰਮੇਸ਼ ਸਿੰਘ

24 ਕੰਠ ਸਾਧਨਾ ■ ਮਨਪ੍ਰੀਤ ਕੌਰ

26 ਹਜ਼ੂਰੀ ਰਾਗੀ ਭਾਈ ਰਣਧੀਰ ਸਿੰਘ ■ ਪ੍ਰੋ. ਅਮਰਜੀਤ ਸਿੰਘ

27 ਪੁਸਤਕ ਚਰਚਾ ■ ਡਾ. ਗੁਰਮੀਤ ਸਿੰਘ ਬੈਦਵਾਣ ■ ਗੁਰਜੰਤ ਸਿੰਘ ਰਾਹੀ

29 ਅਨਮੋਲ ਕੀਰਤਨ ਕੈਸਟਾਂ ■ ਅਵਤਾਰ ਸਿੰਘ 'ਹੰਸ'

32 ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ ■ ਮਨਮੋਹਨ ਸਿੰਘ

34 ਸੁਰ ਲਿਪੀਆਂ ■ ਪ੍ਰਿੰਸੀਪਲ ਸ਼ਮਸ਼ੇਰ ਸਿੰਘ ਕਰੀਰ ■ ਹਰਦੀਪ ਕੌਰ

36 ਗੁਰਮੁਖ ਢੂਢ ਢੂਢੇਦਿਆਂ (Free Matrimonial Service)


ਕਵਰ ਚਿੱਤਰਕਾਰ : ਐਸ. ਕਸ਼ਮੀਰ


ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ
ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ)
ਪੀ.ਐਚ.ਡੀ.

ਸਹਾਇਕ ਸੰਪਾਦਕ (ਆਨਰੇਰੀ)
ਡਾ. ਗੁਰਮੀਤ ਸਿੰਘ ਬੈਦਵਾਣ

ਸਹਿਯੋਗੀ
ਸ. ਹਰਭਜਨ ਸਿੰਘ ਚੋਪੜਾ
ਸ. ਜੋਤਿੰਦਰ ਸਿੰਘ ਸੋਹਲ
ਸ. ਉੱਤਮ ਸਿੰਘ

ਲੇ ਆਉਟ
ਸੋਹਲ ਸਪੈਸ਼ਲਸ


'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


**ਚਿੱਠੀ ਪੱਤਰ ਲਈ ਪਤਾ**

ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ, ਚੰਡੀਗੜ੍ਹ - 160 015
ਫੋਨ: 0172 - 772660



ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ:-4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

Donations are eligible for relief u/s 80 G of Income-Tax Act, 1961, vide CIT/ CHD/80-G/78/Tech. Dated 30-7-1999 valid upto 31-3-2001


ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼ ਐੱਸ ਸੀ ਐੱਫ. 107, ਫੇਜ਼-7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਚੰਦੇ ਦਾ ਵੇਰਵਾ

| | |
|---|---|
| **ਦੇਸ਼** | |
| ਇਕ ਕਾਪੀ | 10 ਰੁਪਏ |
| ਸਲਾਨਾ | 100 ਰੁਪਏ |
| ਜੀਵਨ ਮੈਂਬਰ (15 ਸਾਲ) | 1000 ਰੁਪਏ |
| **ਵਿਦੇਸ਼** | |
| ਸਲਾਨਾ | 20 $ |
| ਜੀਵਨ ਮੈਂਬਰ (15 ਸਾਲ) | 200 $ |

## ਇਸ਼ਤਿਹਾਰਾਂ ਦਾ ਵੇਰਵਾ

| | |
|---|---|
| ਪਿਛਲਾ ਕਵਰ | 3000 ਰੁਪਏ |
| ਕਵਰ ਦੇ ਅੰਦਰਲੇ ਪੰਨੇ | 2000 ਰੁਪਏ |
| ਸਾਧਾਰਨ ਪੂਰਾ ਪੰਨਾ | 1000 ਰੁਪਏ |

# ਮਿਤ੍ਰ ਅਸਾਡੜੇ ਸੇਈ

★ ਅਗਸਤ 99 ਦਾ ਅੰਕ ਮੇਰੇ ਕੋਲ ਪਹੁੰਚ ਗਿਆ ਹੈ ਜਿਸ ਦੀ ਕਿ ਹਰ ਮਹੀਨੇ ਮੈਂ ਬੜੀ ਬੇ-ਸਬਰੀ ਨਾਲ ਉਡੀਕ ਕਰਦਾ ਹਾਂ। ਆਪ ਜੀ ਦੀ ਘਾਲਣਾ ਦਾ ਸਦਕਾ ਅੰਮ੍ਰਿਤ ਕੀਰਤਨ ਤਰੱਕੀ ਦੀ ਸਿਖਰ ਵਲ ਵਧ ਰਿਹਾ ਹੈ। ਇਸ ਵਿੱਚ ਆਪ ਜੀ ਵਲੋਂ 'ਕਰਉ ਬੇਨੰਤੀਆ' ਸਿਰਲੇਖ ਹੇਠ ਰਾਗੀ ਭਾਈ ਹੀਰਾ ਸਿੰਘ ਜੀ ਦੇ ਹੀਰੇ ਮੇਜਰ ਆਗਿਆ ਪਾਲ ਸਿੰਘ ਜੀ ਨੂੰ ਜਿਨ੍ਹਾਂ ਲਫਜਾਂ ਵਿੱਚ ਸ਼ਰਧਾਂਜਲੀ ਭੇਟ ਕੀਤੀ ਹੈ ਹਿਰਦੇ ਨੂੰ ਟੁੰਬਦੀ ਹੈ। ਪੰਜਾਬੀ ਕਲਾ ਤੇ ਸਭਿਆਚਾਰ ਵਿੱਚ ਜੋ ਪਿੰਡ ਨੂੰ ਇਕਾਈ ਮੰਨ ਕੇ ਵਾਲਾ ਵਿਚਾਰ ਦਿੱਤਾ ਹੈ ਉਹ ਬੀਜ ਰੂਪ ਹੈ ਸਮਾਂ ਆਉਣ ਤੇ ਉੱਗ ਆਵੇਗਾ ਕਿਉਂਕਿ ਗੰਦੇ ਗੀਤਾਂ ਤੇ ਨਾਚਾਂ ਨੇ ਸਦਾ ਪੰਜਾਬ ਦਾ ਸਭਿਆਚਾਰ ਨਹੀਂ ਰਹਿਣਾ। ਹਨੇਰੀ ਲੰਘਣ ਤੋਂ ਬਾਦ ਮਾਹੌਲ ਸਾਫ ਹੋ ਜਾਣੈ। ਭਾਈ ਸਾਹਿਬ ਸਿੰਘ ਨਾਭਾ ਜੀ ਦੀ ਰਾਗ ਪ੍ਰੀਛਾ ਪੜ੍ਹ ਕੇ ਚਕ੍ਰਿਤ ਹੋ ਗਿਆ। ਸਾਰੇ ਕੀਰਤਨੀਆਂ ਨੂੰ ਆਪਾ ਪੜਚੋਲਣਾ ਚਾਹੀਦਾ ਹੈ ਇਨਾਂ ਸੁਆਲਾਂ ਦੇ ਉੱਤਰ ਲੱਭਣੇ ਚਾਹੀਦੇ ਹਨ ਘਟੋ-ਘਟ ਪਤਾ ਲਗ ਸਕੂ ਕਿ ਮੇਰਾ ਗਿਆਨ ਪੱਧਰ ਕੀ ਹੈ। ਬੰਦਸ਼ ਵਧੀਆ ਹੈ। 'ਮੈਂ ਹਰਿਮੰਦਰ ਸਾਹਿਬ ਵਿੱਚ ਰਬਾਬ ਵਜਾਈ' ਪੜ੍ਹ ਕੇ ਕੁਛ ਸੋਚਣ ਲਈ ਮਜਬੂਰ ਹੋਣਾ ਪੈਣਾ ਹੈ ਕਿ ਹੋਰ ਕਿੰਨਾ ਚਿਰ ਹਰਿਮੰਦਰ ਨੂੰ ਰਬਾਬ ਤੋਂ ਸੱਖਣਾ ਰੱਖਣਾ ਹੈ।

*- ਗੁਰਜੰਤ ਸਿੰਘ ਰਾਗੀ / ਸੰਗਰੂਰ*

★ ਮੇਗਜ਼ੀਨ ਬਹੁਤ ਪਸੰਦ ਆਇਆ। ਇਸ ਨੂੰ ਪੜ੍ਹਕੇ ਮਨ ਨੂੰ ਖੁਸ਼ੀ ਤੇ ਸ਼ਾਂਤੀ ਪ੍ਰਾਪਤ ਹੋਈ।

*- ਚਰਨ ਸਿੰਘ / ਸੀਵਨ (ਕੈਥਲ-ਹਰਿਆਣਾ)*

★ 'ਅੰਮ੍ਰਿਤ ਕੀਰਤਨ' ਸੰਗੀਤ ਪ੍ਰੇਮੀਆਂ ਲਈ ਇੱਕ ਅਨਮੋਲ ਤੋਹਫਾ ਹੈ। ਸੰਗੀਤ ਦੀ ਜਾਣਕਾਰੀ ਤੋਂ ਇਲਾਵਾ ਬਾਕੀ ਮੈਟਰ ਵੀ ਬਹੁਤ ਵਧੀਆ ਹੁੰਦਾ ਹੈ।

*- ਜਸਵਿੰਦਰ ਸਿੰਘ / ਖਾਂਬਰਾ*

★ 'ਅੰਮ੍ਰਿਤ ਕੀਰਤਨ' ਪਤ੍ਰਿਕਾ ਬਕਾਇਦਾ ਸਮੇਂ ਸਿਰ ਪ੍ਰਾਪਤ ਹੋ ਰਿਹਾ ਹੈ। ਜੂਨ ਪ੍ਰਤਿਕਾ ਵਿੱਚ ਪ੍ਰੋ: ਚਾਨਣ ਸਿੰਘ ਨਿਰਮਲ ਹੁਰਾਂ ਦਾ ਲੇਖ ਅਤੇ 'ਜਪੁਜੀ ਸਾਹਿਬ: ਇਹ ਬਾਣੀ ਮਹਾਂਪੁਰਖ ਕੀ' ਚੰਗਾ ਲੱਗਿਆ।

*- ਡਾ. ਮਨਵਿੰਦਰ ਕੌਰ ਸੋਢੀ / ਲੁਧਿਆਣਾ*

★ 'ਅੰਮ੍ਰਿਤ ਕੀਰਤਨ' ਮਿਲਿਆ। ਪੜ੍ਹ ਕੇ ਵਿਚਾਰ ਅੰਮ੍ਰਿਤ ਦਾ ਰਸਾ ਸੁਆਦਨ ਕੀਤਾ। ਗੁਰੂ ਆਪ ਜੀ ਨੂੰ ਬਲ ਬਖਸੈ। ਸੇਵਾ ਕਰਦੇ ਰਹੋ ਜੀ।

*- ਬਲਵਿੰਦਰ ਸਿੰਘ / ਲੁਧਿਆਣਾ*

★ 'ਅੰਮ੍ਰਿਤ ਕੀਰਤਨ' ਵਿੱਚ ਅੰਗਰੇਜ਼ੀ ਵਿੱਚ ਡਾਕਟਰ ਜਾਗੀਰ ਸਿੰਘ ਦਾ ਲਿਖਿਆ ਲੇਖ ਬੜਾ ਭਾਵਪੂਰਤ ਸੀ। ਅੰਗਰੇਜ਼ੀ ਵਿੱਚ ਹੋਣ ਕਰਕੇ ਇਹ ਉਹਨਾਂ ਲੋਕਾਂ ਨੂੰ ਲਾਭ ਪੁਚਾਏਗਾ ਜਿਹਨਾਂ ਨੂੰ ਪੰਜਾਬੀ ਨਹੀਂ ਆਉਂਦੀ। ਇਹੋ ਜਿਹੇ ਲੇਖਾਂ ਨਾਲ 'ਅੰਮ੍ਰਿਤ ਕੀਰਤਨ' ਹੋਰ ਖੂਬਸੂਰਤ ਜਾਪਣ ਲੱਗ ਪੈਂਦਾ ਹੈ।

ਸ੍ਰ. ਰਮੇਸ਼ ਸਿੰਘ ਹੋਰਾਂ ਦਾ ਲੇਖ 'ਨਾਮ ਕੀ ਹੈ?' ਬੜੇ ਸੁਚੱਜੇ ਢੰਗ ਨਾਲ ਜੀਣਾ ਸਿਖਾਉਂਦਾ ਹੈ। ਨਾਮ ਦੀ ਇਹ ਪਰਿਭਾਸ਼ਾ ਬੜੀ ਪਿਆਰੀ ਲੱਗੀ। ਵਾਹਿਗੁਰੂ ਅੱਗੇ ਅਰਦਾਸ ਹੈ ਕਿ 'ਅੰਮ੍ਰਿਤ ਕੀਰਤਨ' ਇਸੇ ਤਰ੍ਹਾਂ ਚਾਨਣ ਮੁਨਾਰਾ ਬਣ ਕੇ ਲੋਕਾਂ ਨੂੰ ਸਹੀ ਰਸਤਾ ਦਿਖਾਂਦਾ ਰਹੇ।

*- ਬਬਲੀ ਐਸ. ਸਿੰਘ / ਲੁਧਿਆਣਾ*

★ ਜੂਨ ਜੁਲਾਈ ਦੇ ਅੰਕ ਬਹੁਤ ਚੰਗੇ ਲੱਗੇ। 'ਕਰਉ ਬੇਨੰਤੀਆ' ਹਮੇਸ਼ਾਂ ਵਾਂਗ ਖੂਬਸੂਰਤ ਸੀ। ਬਬਲੀ ਐਸ. ਸਿੰਘ, ਜੈਸਮੀਨ ਕੌਰ ਅਤੇ ਰਮੇਸ਼ ਸਿੰਘ ਦੇ ਲੇਖ ਜੀਵਨ ਨੂੰ ਸੇਧ ਦੇਣ ਵਾਲੇ ਹਨ। ਸੰਗੀਤ ਸੰਬੰਧੀ ਵੀ ਭਰਪੂਰ ਜਾਣਕਾਰੀ ਮਿਲਦੀ ਹੈ। ਇਹ ਮੈਗਜ਼ੀਨ ਦਿਨੋ-ਦਿਨ ਬਹੁਤ ਕੀਮਤੀ ਹੁੰਦਾ ਜਾ ਰਿਹਾ ਹੈ।

*- ਪ੍ਰੋ. ਐਮ. ਐਸ. ਸਚਦੇਵਾ / ਮਲੋਟ*


With compliments from

Sehgal Jagjit Singh
Managing Director

S.C.O. 600-601, MOTOR MARKET
MANIMAJRA - 160 101, U.T. CHANDIGARH (INDIA)

Phone: 91-172 - 554581 (O), 554182 (Fac)
704181, 700167 (R)
Fax: 91-0172-704533
Tlx: 395-367 PCO IN Pager: 9612-337

**Jagjit Auto Stores**
Disposal Motor Parts & Machinery
**Sehgal Sons Recovery Service**
Crane Facility - 24 hrs.
**Sehgal Brothers World Wide Export (P) Ltd.**
Import Export
**Sehgal Enterprises**
Mfc. of Craine - Wrecker

# ਇੱਕ ਹੋਰ ਪਿਆਰਾ ਸਿੰਘ ਪਦਮ

'ਪਿਆਰਾ ਸਿੰਘ ਪਦਮ' ਨਾਮ ਉਚਾਰਦਿਆਂ ਇੱਕਦਮ ਪੰਜਾਬੀ ਦੇ ਪ੍ਰਸਿੱਧ ਬਜ਼ੁਰਗ ਸਾਹਿਤਕਾਰ ਪ੍ਰੋ. ਪਿਆਰਾ ਸਿੰਘ ਪਦਮ ਪਟਿਆਲੇ ਵਾਲਿਆਂ ਦੀ ਤਸਵੀਰ ਸਾਹਮਣੇ ਆਉਂਦੀ ਹੈ। ਨਾਲ ਚੇਤੇ ਆ ਜਾਂਦਾ ਹੈ ਕਲਮ ਮੰਦਿਰ, ਲੋਇਰ ਮਾਲ, ਪਟਿਆਲਾ ਵਿਖੇ ਉਹਨਾਂ ਦੇ ਘਰ ਅਤੇ ਉਹਨਾਂ ਦੁਆਰਾ ਪ੍ਰਕਾਸ਼ਿਤ ਪੁਸਤਕਾਂ ਦੀ ਲੰਮੀ ਸਾਰੀ ਸੂਚੀ। ਆਮ ਬੰਦੇ ਨੂੰ ਤਾਂ ਉਹ ਸਾਰੀ ਸੂਚੀ ਪੜ੍ਹਨੀ ਹੀ ਮੁਸ਼ਕਿਲ ਹੈ, ਉਹਨਾਂ ਦੀਆਂ ਪੁਸਤਕਾਂ ਪੜ੍ਹਨੀਆਂ ਤਾਂ ਦੂਰ ਦੀ ਗੱਲ ਹੈ। ਹੈਰਾਨੀ ਹੁੰਦੀ ਹੈ ਕਿ ਕਿਸੇ ਇਕੱਲੇ ਵਿਅਕਤੀ ਨੇ ਇਤਨੀਆਂ ਪੁਸਤਕਾਂ ਦੀ ਸੰਪਾਦਨਾ, ਰਚਨਾ, ਅਨੁਵਾਦ ਅਤੇ ਪ੍ਰਕਾਸ਼ਨ ਦਾ ਕੰਮ ਕੀਤਾ ਹੈ। ਅਜਿਹੇ ਵਿਅਕਤੀਆਂ ਲਈ ਭਾਸ਼ਾ ਵਿਭਾਗ, ਯੂਨੀਵਰਸਿਟੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਦਿ ਅਦਾਰਿਆਂ ਨੂੰ ਚਾਹੀਦਾ ਹੈ ਕਿ ਉਹ ਉਚਤਮ ਸਨਮਾਨ ਦੇ ਕੇ ਉਹਨਾਂ ਦੀ ਘਾਲਣਾ ਦਾ ਸਤਿਕਾਰ ਕਰਨ। ਪਦਮ ਜੀ ਹਮੇਸ਼ਾ ਸਾਡੇ ਪ੍ਰੇਰਨਾ ਸਰੋਤ ਰਹੇ ਹਨ। ਉਹ ਆਪਣੇ ਦਰਸ਼ਨਾਂ, ਪੱਤਰਾਂ, ਲੇਖਾਂ ਅਤੇ ਹੋਰ ਸਮੱਗਰੀ ਰਾਹੀਂ 'ਅੰਮ੍ਰਿਤ ਕੀਰਤਨ' ਨੂੰ ਨਿਵਾਜਦੇ ਰਹਿੰਦੇ ਹਨ। ਅਜਿਹੇ ਮਹਾਪੁਰਖਾਂ ਦਾ ਸੰਗ ਤਾਂ ਪਾਰਸ ਛੁਹ ਹੈ ਜਿਸ ਨਾਲ ਸਾਡੀ ਸੋਚ ਕੰਚਨ ਬਣਦੀ ਹੈ।

ਪਰ ਅੱਜ ਅਸੀਂ ਗੱਲ ਕਰਨੀ ਹੈ ਇੱਕ ਹੋਰ *ਪਿਆਰਾ ਸਿੰਘ ਪਦਮ* ਦੀ। ਇਹ ਪਿਆਰਾ ਸਿੰਘ ਪਦਮ ਇਸ ਵੇਲੇ ਪੰਜਾਬ ਤੋਂ ਹਜ਼ਾਰਾਂ ਮੀਲ ਦੂਰ ਗੁਹਾਟੀ ਵਿਖੇ ਰਹਿ ਰਹੇ ਹਨ। ਮੇਰਾ ਇਹਨਾਂ ਨਾਲ ਮੇਲ ਸੰਤ ਬਾਬਾ ਸੁੱਚਾ ਸਿੰਘ ਜੀ ਜਵੱਦੀ ਕਲਾਂ ਲੁਧਿਆਣਾ, ਵੱਲੋਂ ਕਰਵਾਏ ਜਾਂਦੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਸਮੇਂ ਹੁੰਦਾ ਰਿਹਾ ਹੈ। ਉੱਥੇ ਪਦਮ ਜੀ ਵੱਖ-ਵੱਖ ਕੀਰਤਨੀਆਂ ਨਾਲ ਬੜੇ ਪਿਆਰ ਨਾਲ ਦਿਲਰੁਬਾ ਵਜਾ ਕੇ ਸੰਗਤ ਕਰਦੇ ਹਨ। ਨਿਰਧਾਰਤ ਰਾਗਾਂ ਵਿੱਚ ਆਯੋਜਿਤ ਇਸ ਕੀਰਤਨ ਸੰਮੇਲਨ ਵਿੱਚ ਸ਼ਾਇਦ ਉਹਨਾਂ ਮੇਰੇ ਨਾਲ ਵੀ ਦਿਲਰੁਬਾ ਵਜਾਇਆ ਹੈ।

ਆਪ ਬਜ਼ੁਰਗ ਹਨ। ਹੁਣ 75 ਸਾਲਾਂ ਤੋਂ ਉਪਰ ਹਨ। ਉਚੇਰੀ ਅਧਿਆਤਮਕ ਤੇ ਕਲਾਤਮਕ ਅਵਸਥਾ ਦੇ ਧਾਰਨੀ ਇਸ ਵਿਅਕਤੀ ਬਾਰੇ ਅਸੀਂ ਬਹੁਤ ਘੱਟ ਜਾਣਦੇ ਹਾਂ। 'ਅੰਮ੍ਰਿਤ ਕੀਰਤਨ' ਮੈਗਜ਼ੀਨ ਰਾਹੀਂ ਚਿੱਠੀ ਪੱਤਰ ਦਾ ਸਬੱਬ ਬਣਿਆ ਤੇ ਮੈਨੂੰ ਇਹਨਾਂ ਬਾਰੇ ਜਾਣਕਾਰੀ ਹਾਸਲ ਹੋਈ।

ਆਪ ਜਾ ਜਨਮ ਜਿਲ੍ਹਾ ਲਾਇਲਪੁਰ ਦੀ ਇਤਿਹਾਸਕ ਤਹਿਸੀਲ ਸਮੁੰਦਰੀ ਦੇ ਇੱਕ ਪਿੰਡ ਵਿੱਚ ਹੋਇਆ। ਪ੍ਰਸਿੱਧ ਪੰਜਾਬੀ ਸ਼ਾਇਰ ਪ੍ਰਿੰਸੀਪਲ ਤਖਤ ਸਿੰਘ ਵੀ ਇਸੇ ਪਿੰਡ ਦੇ ਹੀ ਸਨ। ਪਦਮ ਜੀ ਸੁਰੱਖਿਆ ਮਹਿਕਮੇਂ ਵਿੱਚੋਂ ਰਿਟਾਇਰ ਹੋਏ ਹਨ। ਲੈਂਡ ਸਕੇਪਰ ਹਨ, ਗੁਹਾਟੀ ਰੇਡੀਓ ਤੋਂ ਦਿਲਰੁਬਾ ਵਜਾਉਂਦੇ ਹਨ। ਪਿੱਛੇ ਜਿਹੇ ਇਹਨਾਂ ਨੇ ਗੁਹਾਟੀ ਰੇਡੀਓ ਤੋਂ ਜੈਤ ਮਲਹਾਰ ਤੇ ਜੈਤੀਂ ਟੋਡੀ ਰਾਗ ਦਿਲਰੁਬਾ ਤੇ ਵਜਾਏ ਸਨ। ਲਾਹੌਰ ਵਿੱਚਲੀ ਪੰਜਾਬ ਯੂਨੀਵਰਸਿਟੀ ਤੋਂ ਇਹਨਾਂ ਨੇ ਗਿਆਨੀ ਪਾਸ ਕੀਤੀ ਸੀ। ਆਪ ਚੰਗੇ ਗਜ਼ਲਕਾਰ ਵੀ ਹਨ। ਹੁਣ ਤੱਕ ਇੱਕ ਸੌ ਤੋਂ ਉਪਰ ਗਜ਼ਲਾਂ ਲਿਖ ਚੁੱਕੇ ਹਨ। ਆਪਣੀਆਂ ਗਜ਼ਲਾਂ ਪ੍ਰਸਿੱਧ ਵਿਅਕਤੀਆਂ ਨੂੰ ਭੇਜਦੇ ਰਹਿੰਦੇ ਹਨ ਅਤੇ ਪ੍ਰਸ਼ੰਸਾ ਪ੍ਰਾਪਤ ਕਰਦੇ ਰਹਿੰਦੇ ਹਨ।

ਇਹਨਾਂ ਦਾ ਬਾਕੀ ਪਰਿਵਾਰ ਬਟਾਲੇ ਰਹਿੰਦਾ ਹੈ। ਇਹ ਅਕਸਰ ਬਟਾਲੇ ਆਉਂਦੇ ਜਾਂਦੇ ਰਹਿੰਦੇ ਹਨ। ਜਦੋਂ ਵੀ ਸਮਾਂ ਮਿਲਦਾ ਹੈ ਆਪ ਦਰਬਾਰ ਸਾਹਿਬ ਪੁੱਜ ਕੇ ਕੀਰਤਨੀਆਂ ਨਾਲ ਦਿਲਰੁਬਾ ਤੇ ਸੰਗੀਤ ਕਰਦੇ ਹਨ।

ਆਪ ਪਾਸ ਕੀਮਤੀ ਸੰਗੀਤ ਸਾਜ਼ ਹਨ। ਆਪ ਦਾ ਸ਼ੌਕ ਹੈ ਨਵੇਕਲੇ ਰਾਗਾਂ ਨੂੰ ਦਿਲਰੁਬਾ ਤੇ ਪੇਸ਼ ਕਰਨਾ, ਨਵੀਆਂ ਟਿਊਨਾਂ ਬਣਾਉਣੀਆਂ ਤੇ ਨਵੀਆਂ ਗਜ਼ਲਾਂ ਲਿਖਣੀਆਂ। ਆਪਦੀ ਗਜ਼ਲ ਦੇ ਇੱਕ ਸ਼ੇਅਰ ਦਾ ਫਿਕਰਾ ਹੈ -

*ਅਜਨਬੀ ਲਗਨੇ ਲਗੇ ਹੈਂ,*
*ਹਮ ਅਪਨੇ ਹੀ ਸ਼ਹਿਰ ਮੇਂ।*

ਅਸੀਂ 'ਅੰਮ੍ਰਿਤ ਕੀਰਤਨ' ਦੇ ਪਾਠਕਾਂ ਲਈ ਇਹਨਾਂ ਦਾ ਐਡਰੈਸ ਛਾਪ ਰਹੇ ਹਾਂ -

S. Piara Singh Padam
AIR / TV Artist

C/o Sh. Anil Sahma
Bar-at-Law

Nizrapar,
Guwahati - 781 003

ਇਹਨਾਂ ਨਾਲ ਚਿੱਠੀ ਪੱਤਰ ਕਰਕੇ ਪਿਆਰ ਤੇ ਸਤਿਕਾਰ ਸਾਂਝਾ ਕਰਨਾ ਚਾਹੀਦਾ ਹੈ।

# ਗਾਡੀ ਰਾਹੁ

ਡਾ. ਸੁਰਜੀਤ ਸਿੰਘ ਕੁੰਜਾਹੀ ★

ਕਾਦਰ ਦੀ ਕੁਦਰਤ ਵਿੱਚ ਸਾਰਾ ਜੀਆ ਜੰਤ ਅਤੇ ਹਰਿਔਲ ਆਪਣੇ ਭਲੇ ਹੇਤ ਪ੍ਰਯਤਨਸ਼ੀਲ ਹੈ। ਸਮੂਹ ਮਨੁੱਖ ਜਾਤੀ ਇਸ ਸਦੀਵੀ ਪ੍ਰਚਲਤ ਰੀਤੀ ਸਦਕਾ ਆਪੋ ਆਪਣੇ ਭਲੇ ਲਈ ਰੁੱਝੀ ਹੋਈ ਹੈ। ਕੁਝ ਵਿਰਲੇ ਹਿਰਦਿਆਂ ਦੀ ਬਹੁਗਿਣਤੀ ਸਿੱਖ ਜੀਵਨ ਦਾ ਵਿਰਸਾ ਹੈ। ਸਿੱਖ ਸਮਾਜ ਗੁਰੂ ਸਾਹਿਬਾਨ ਦੀ ਮਨੁੱਖ ਜਾਤੀ ਪ੍ਰਤੀ ਕੋਮਲ ਅਤੇ ਚਿੰਤਿਤ ਸੋਚ ਨਾਲ ਪ੍ਰੇਰਿਤ ਹੋਇਆ, ਸਰਬਤ ਦੇ ਭਲੇ ਦੀ ਅਰਦਾਸ ਕਰਦਾ ਰਿਹਾ ਹੈ।

ਸੰਸਾਰ ਦੇ ਹਜ਼ਾਰਾਂ ਸਾਲਾਂ ਦੇ ਇਤਿਹਾਸ ਵਿੱਚ ਮਨੁੱਖ ਮਨੁੱਖ ਦਾ ਵੈਰੀ ਬਣਿਆ ਆਇਆ ਹੈ। ਇੱਕ ਦੂਜੇ ਦੇ ਰਾਹਾਂ ਤੇ ਕੰਡੇ ਖਲਾਰਦਾ ਮਨੁੱਖ ਆਪਣੇ ਪੈਰਾਂ ਹੇਠ ਆਏ ਸੂਲਾਂ ਦੀ ਚੋਭ ਤੋਂ ਪੀੜਤ ਰਿਹਾ ਹੈ ਅਤੇ ਇਸ ਲਈ ਦੂਜਿਆਂ ਨੂੰ ਮਾੜਾ ਮੰਦਾ ਕਹਿੰਦਾ ਰਿਹਾ ਹੈ। ਭਾਵੇਂ ਕੁਝ ਸਮੂਹਕ ਭਾਈਚਾਰੇ ਆਪਸੀ ਮਿਲਵਰਤਨ ਕਾਰਨ ਸਮਾਜ ਵਿੱਚ ਰਲਕੇ ਜੀਊਣ ਦੀ ਕਲਾ ਚ ਵੀ ਸੰਪਨ ਹੋਏ ਹਨ। ਕੇਵਲ ਸਿੱਖ ਸਮਾਜ ਵੱਖਰੀ ਮਿਸਾਲ ਹੈ। ਇਸ ਸੋਚ ਵਿੱਚ ਮਨੁੱਖਤਾ ਲਈ ਆਪਾ ਤਕ ਵਾਰ ਦੇਣ ਦੀ ਅਦੁੱਤੀ ਮਿਸਾਲ ਕੇਵਲ ਗੁਰੂ ਦੇ ਲਾਡਲਿਆਂ ਹਿੱਸੇ ਹੀ ਆਈ ਹੈ। ਸਿੱਖਾਂ ਦੇ ਛੋਟੇ ਜਿਹੇ ਇਤਿਹਾਸ ਵਿੱਚ ਸਮੂਹ ਸੰਸਾਰ ਦੇ ਲਮੇਰੇ ਵਰਤਾਂਤ ਨਾਲੋਂ ਕਈ ਗੁਣਾਂ ਵਧ "ਪਰਹਿਤ" ਖ਼ਾਤਰ ਕੁਰਬਾਨੀਆਂ ਦੀ ਬੜੀ ਲੰਮੀ ਫਰਿਸਤ ਨਜ਼ਰੀਂ ਪੈਂਦੀ ਹੈ। ਵੱਖ ਵੱਖ ਸਥਾਨਾਂ ਦੇ ਵੱਖ ਵੱਖ ਸਮਿਆਂ ਵਿੱਚ ਉਜਾਗਰ ਵਿਚਾਰਾਂ ਵਿੱਚ ਕਿਧਰੇ ਕਿਧਰੇ ਇਸ਼ਾਰਾ ਲੱਭਦਾ ਹੈ। ਇੱਕ ਰੱਬ ਦੇ ਪਿਆਰ ਨੂੰ ਸਲੀਬਾਂ ਤੇ ਕਿਲ ਠੋਕ ਕੇ ਟੰਗਿਆ ਗਿਆ ਤਾਂ ਸੰਸਾਰ ਦੀ ਸਾਰੀ ਗਿਣਤੀ ਦੇ ਇੱਕ ਵੱਡੇ ਹਿੱਸੇ ਨੇ ਇਸ ਦਾ ਬਖਾਨ ਬਾਰਬਾਰ ਸਦੀਆਂ ਤੀਕ ਕੀਤਾ। ਕਿਸੇ ਹੋਰ ਕੋਲੋਂ ਆਪਣੇ ਅਜ਼ੀਜ਼ ਦੀ ਕੁਰਬਾਨੀ ਤੱਕੀ ਨਾ ਗਈ। ਇਸ ਘਟਨਾ ਨੇ ਇੱਕ ਹੋਰ ਬਹੁਗਿਣਤੀ ਵਿੱਚ ਤਾਂ ਹਜ਼ਾਰਾਂ ਸਿਦਕੀਆਂ ਦੇ ਤਸੀਹਿਆਂ ਮਗਰੋਂ "ਸੀ ਤੱਕ ਨਾ ਉੱਚਰੀ" ਦੇ ਅਣਗਿਣਤ ਬਿਆਨ ਚਲੀ ਆ ਰਹੇ ਹਨ। ਗੁਰੂ ਸਾਹਿਬਾਨ ਦੀ ਆਪਣੀ ਮਿਸਾਲ ਅਤੇ ਗੁਰੂ ਪ੍ਰਵਾਰ ਦੀਆਂ ਸ਼ਹਾਦਤਾਂ ਨੇ ਇਸ ਬੇਮਿਸਾਲ ਮਰਜੀਵੜਿਆਂ ਦੀ ਫੌਜ ਨੂੰ ਸ਼ਹਾਦਤ ਦਾ ਰੰਗ ਚਾੜ੍ਹ ਕੇ "ਜੀਂਵਦਿਆਂ ਮਰ ਰਹੀਏ" ਵਾਲਾ ਸਰੂਪ ਦਿੱਤਾ। ਸਿੱਖਾਂ ਦੇ ਇਤਿਹਾਸ ਵਿੱਚ ਦੂਜਿਆਂ ਦੇ ਲਈ ਕੀਤੀਆਂ ਕੁਰਬਾਨੀਆਂ ਦੀ ਫਰਿਸਤ ਹਰ ਮੋੜ ਤੇ ਵਧਦੀ ਗਈ ਹੈ। ਇੰਨ੍ਹਾਂ ਦਾ ਚਰਚਾ ਕਿਸੇ ਹੋਸ਼ ਵਾਲੇ ਮਨੁੱਖ ਕੋਲੋਂ ਬਰਦਾਸ਼ਤ ਨਹੀਂ ਹੋ ਸਕਦਾ। ਸਿੱਖਾਂ ਤੇ ਅਕਹਿ ਅਤੇ ਅਸਹਿ ਜ਼ੁਲਮ ਕੀਤੇ ਗਏ। ਕੀ ਸੀ ਕਸੂਰ ਉਨ੍ਹਾਂ ਦਾ? ਕੂੜ ਪਾਖੰਡ ਅਤੇ ਬੇਇਨਸਾਫੀ ਦੇ ਖੁਮਾਰਾਂ ਵਿੱਚ ਮੱਤੇ ਝੂਠੇ ਤੇ ਫਰੇਬੀ ਪਾਖੰਡੀਆਂ ਦੇ ਫ਼ਤਵੇ ਮਜ਼ਬ ਦੇ ਨਾਂ ਹੇਠਾਂ ਲੱਗਦੇ ਰਹੇ। ਬੰਦ ਬੰਦ ਕਟਵਾਣੇ, ਰੰਬੀਆਂ ਨਾਲ ਖੋਪਰ ਛਿਲਵਾਣੇ, ਚਰਖੜੀਆਂ ਤੇ ਚੜ੍ਹਕੇ ਤਿੱਖੇ ਸੂਲ ਪਿੰਡੇ ਖਾਣੇ, ਆਰੇ ਨਾਲ ਸਰੀਰ ਦੁਫਾੜ ਕਰਵਾਣੇ, ਉਬਲਦੀਆਂ ਦੇਗਾਂ ਵਿੱਚ ਆਲੂ ਵਾਂਗ ਉਬਲ ਜਾਣਾ, ਤੱਤੀਆਂ ਤਵੀਆਂ ਤੇ ਬੈਠ ਸੜਦੀ ਰੇਤ ਸਿਰ ਅਤੇ ਸਰੀਰ ਤੇ ਪਵਾਣੀ ਆਪਣੇ ਹੀ ਬੱਚਿਆਂ ਦੇ ਸਰੀਰਾਂ ਦੇ ਟੋਟੇ ਕਰਵਾ ਕੇ ਹਾਰ ਬਣਾ ਗਲੇ ਚ ਪਾਕੇ ਸਵਾ ਮਣ ਪੀਸਣ ਪੀਸਣ ਵਾਲੀਆਂ ਸ਼ੇਰ ਬੱਚੀਆਂ ਦੇ ਸਿਦਕ ਆਦਿ ਸਿੱਖ ਸਮਾਜ ਦੀ ਹੀ ਪਿਛੋਕੜ ਹੈ। ਸਿੱਖ, ਦੇਸ਼, ਕੌਮ, ਮਜ਼ਲੂਮ ਅਤੇ ਪੀੜਤ ਸਮੂਹਾਂ ਦੇ ਬੰਧਨ ਕੱਟਣ ਖਾਤਰ ਫਾਂਸੀਆਂ ਦੇ ਫੰਦੇ ਚੁੰਮ ਚੁੰਮ ਸ਼ਹੀਦ ਹੁੰਦੇ ਰਹੇ। ਜ਼ੁਲਮ ਭਾਵੇਂ ਕਿਸੇ ਨੇ ਕੀਤਾ, ਸਿੱਖ ਦੀ ਤਲਵਾਰ ਹਮੇਸ਼ਾ ਮਜ਼ਲੂਮ ਦੀ ਰਾਖੀ ਲਈ ਵੱਗਦੀ ਰਹੀ। ਸਿੱਖ ਦਾ ਜੀਵਨ ਭਾਰੀ ਤਪੱਸਿਆ ਦਾ ਜੀਵਨ ਰਿਹਾ ਹੈ। ਲੜਾਈ ਦੇ ਮੈਦਾਨ ਵਿੱਚ ਵੀ ਵਾਹਿਗੁਰੂ ਨਾਲ ਬਿਰਤੀ ਜੋੜੀ ਰਖਣ ਵਾਲੇ ਸੂਰਮੇ "ਸੰਤ ਸਿਪਾਹੀ" ਕੇਵਲ ਸਿੱਖ ਹੀ ਹੋ ਸਕਦੇ ਹਨ। ਦੁਸ਼ਮਨ ਦੇ ਜ਼ਖ਼ਮੀਆਂ ਦੇ ਫੱਟਾਂ ਤੇ ਮਲਹਮ ਲਾਣ ਵਾਲੇ ਕੇਵਲ ਸਿੱਖ ਹੀ ਹੋ ਸਕਦੇ ਹਨ। ਅਬਲਾਵਾਂ ਦੀ ਪਤ ਬਚਾਕੇ ਘਰੋਂ ਘਰੀਂ ਪਹੁੰਚਾਣ ਵਾਲੇ ਕੇਵਲ ਸਿੱਖ ਹੀ ਹੋ ਸਕਦੇ ਹਨ। ਸਿੱਖ ਜੀਵਨ ਮਨੁੱਖਤਾ ਦੀਆਂ ਸਰਵੋਚ ਕਦਰਾਂ ਚੋਂ ਉੱਤਮ ਪੱਧਰਾਂ ਤੇ ਖਲੋਤਾ ਹੈ। ਸਿੱਖ ਲਈ "ਏਕੋ ਨਾਰੀ ਜਤੀ" ਦਾ ਹੁਕਮ ਅਕਾਲ ਪੁਰਖ ਦਾ ਹੁਕਮ ਹੈ। ਸਿੱਖ ਪਰਾਏ ਹੱਕ ਦੀ ਸੂਰ ਤੇ ਗਾਂ ਦੇ ਮਾਸ ਨਾਲ ਤੁਲਨਾ ਕਰਦਾ ਹੈ। ਸਿੱਖ ਮੇਹਨਤ ਮੁਸ਼ੱਕਤ ਕਰਕੇ ਹੱਕ ਹਲਾਲ ਦੀ ਕਮਾਈ ਚੋਂ ਦਸਵੰਧ ਕੱਢਕੇ ਲੋੜਵੰਦਾਂ ਦੀ ਲੋੜ ਪੂਰੀ ਕਰਦਾ ਹੈ। ਸਿੱਖ, ਵੰਡ ਛਕਦਾ, ਨਾਮ ਜਪਦਾ, ਸੱਚੀ ਕਿਰਤ ਕਰਦਾ, ਸੇਵਾ ਨਿਸ਼ਕਾਮ, ਕਿਰਤ ਸੁੱਚੀ ਅਤੇ ਸੱਚੀ ਅਤੇ ਸੱਚ ਦਾ ਵਪਾਰੀ ਹੈ। ਹਰੀ ਅਤੇ ਨਾਮ ਦਾ ਵਪਾਰੀ ਹੈ।

ਗੁਰੂ ਘਰ ਵਿੱਚ ਮਨੁੱਖੀ ਵਿਤਕਰੇ ਲਈ ਕੋਈ ਸਥਾਨ ਨਹੀਂ ਹੈ। ਇਹ ਦਰ ਇਹ ਘਰ ਉਸ ਕਰਤੇ ਦਾ ਆਪਣਾ ਘਰ ਹੈ, ਜਿੱਥੇ ਬੈਠ ਕਰਤਾ ਸਰਬ ਜੀਵ ਪ੍ਰਣਾਲੀ ਦੀ

★ # 870, ਸੈਕਟਰ 15, ਫਰੀਦਾਬਾਦ - 121 007

ਪਾਲਣਾ ਕਰਦਾ ਹੈ। ਇਸ ਦਰਬਾਰ ਵਿੱਚ ਕਰਤੇ ਦੀ ਵਰਸਾਈ "ਧੁਰ ਕੀ ਬਾਣੀ" ਦਾ "ਉਪਦੇਸ਼ ਚਹੁ ਵਰਨਾ ਕਉ ਸਾਂਝਾ" ਚਾਰੇ ਦਿਸ਼ਾਵਾਂ ਵਲ ਮੂੰਹ ਖੋਲ੍ਹ ਅਮ੍ਰਿਤ ਵਰਖਾ ਕਰਦਾ ਹੈ। ਸਾਰੇ ਧਰਮਾਂ, ਜਾਤਾਂ ਨਸਲਾਂ ਦੇ ਮਨੁੱਖ ਇਸ ਅਮ੍ਰਿਤ ਬਾਣੀ ਦੀ ਸੀਤਲਤਾ ਨੂੰ ਗ੍ਰਹਿਣ ਕਰਕੇ ਆਨੰਦ ਪ੍ਰਾਪਤ ਕਰਦੇ ਹਨ। ਇਥੋਂ ਪ੍ਰਭੂ ਰੰਗ ਦੀ ਰੰਗਣ ਚੜ੍ਹਦੀ ਹੈ। ਗੁਰੂ ਸਾਹਿਬਾਨ ਦੇ ਜੀਵਨ ਇਸ ਅਮ੍ਰਿਤ ਦੀ ਵਰਖਾ ਦਸ ਜਾਮਿਆਂ ਵਿੱਚ ਕਰਦੇ ਰਹੇ ਅਤੇ ਫਿਰ ਗੁਰੂ ਸ਼ਬਦ ਦੇ ਭੰਡਾਰੇ ਗੁਰੂ ਗ੍ਰੰਥ ਸਾਹਿਬ ਨੂੰ ਸਦੀਵੀ ਮਾਰਗ ਦਰਸ਼ਨ ਕਰਨ ਖਾਤਿਰ ਗੁਰੂਗੱਦੀ ਤੇ ਸੁਸ਼ੋਭਿਤ ਕਰ ਗਏ। ਛੇ ਗੁਰੂ ਸਾਹਿਬਾਨ, ਪੰਦਰਾਂ ਭਗਤਾਂ, ਤਿੰਨ ਸਿੱਖਾਂ ਤੇ ਬਾਰਾਂ ਭੱਟਾਂ ਦੀਆਂ ਬਾਣੀਆਂ ਦੇ ਇਸ ਵਿਸ਼ਾਲ ਭੰਡਾਰ ਨੂੰ ਇਕੱਤੀ ਰਾਗਾਂ ਵਿੱਚ ਇਕੱਠਾ ਕੀਤਾ ਗਿਆ ਹੈ। "ਗੁਰਬਾਣੀ ਇਸ ਜਗੁ ਮਹਿ ਚਾਨਣ" ਹੈ। ਇਸ ਰੋਸ਼ਨੀ ਵਿੱਚ ਸੰਸਾਰ ਦੇ ਸਾਰੇ ਭਰਮ, ਗੁਬਾਰ, ਅੰਧਕਾਰ ਮਿਟ ਜਾਂਦੇ ਹਨ। ਹਰ ਜਗਿਆਸੂ ਹਿਰਦਾ ਮਾਰਗ ਦਰਸ਼ਨ ਪਾ ਜਾਂਦੈ। ਮਨੁੱਖੀ ਕਦਰਾਂ ਦੀ ਪਹਿਚਾਣ ਕਰਨ ਵਾਲੀਆਂ ਤੀਖਣ ਨਜ਼ਰਾਂ ਸਿੱਖ ਗੁਰੂ ਸਾਹਿਬਾਨ ਪਾਸ ਸਨ। ਮਨੁੱਖੀ ਭਾਵਨਾਵਾਂ ਨੂੰ ਇਹਨਾਂ ਦੀ ਕੋਮਲ ਛੋਹ ਨੇ ਜੀਵਨ ਦਾਨ ਦਿੱਤਾ ਹੈ।

ਅੱਜ ਦੇ ਸੁੰਗੜੇ ਸੁਭਾਅ ਨੂੰ ਜੇ ਕਿਸੇ ਤਾਜ਼ੀ ਹਵਾ ਦੇ ਬੁੱਲੇ ਦੀ ਆਸ ਹੈ ਤਾਂ ਇਹ ਗੁਰਬਾਣੀ ਸਰੋਤ ਹੀ ਹੈ ਜਿਸ ਉੱਤੋਂ ਲੰਘਕੇ ਆਈਆਂ ਅਧਿਆਤਮਕ ਪਵਣਾਂ ਤਨ ਮਨ ਸੀਤਲ ਕਰਦੀਆਂ ਹਨ। ਸਿੱਖ ਸਮਾਜ ਨੂੰ ਮਿਲੇ ਇਸ ਵਰਦਾਨ ਸਦਕਾ ਅੰਦਰ ਠਰ ਜਾਂਦੇ ਹਨ ਅਤੇ ਨਿਮਰਤਾ ਆ ਬੈਠਦੀ ਹੈ। ਈਰਖਾ ਦੀ ਅਗਨੀ ਸ਼ਾਂਤ ਹੋ ਜਾਂਦੀ ਹੈ। ਸੰਸਾਰ ਵਿੱਚ ਵਿਚਰ ਰਹੇ ਸਮੂਹ ਜੀਆਂ ਜੰਤ ਲਈ ਉਸ ਮਾਲਕ ਕੰਤ ਨੇ ਆਪਣੀ ਰਹਿਮਤ ਦੇ ਖ਼ਜ਼ਾਨਿਆਂ ਦੇ ਮੂੰਹ ਖੋਲ੍ਹ ਰੱਖੇ ਹਨ। ਸਭਨਾਂ ਜੀਆਂ ਲਈ ਲੋੜਾਂ ਪੂਰਦੀ ਧਰਤੀ, ਪਾਤਾਲ, ਆਕਾਸ਼, ਸਮੁੰਦਰ ਅਤੇ ਬਾਹਰਲੇ ਪੁਲਾੜਾਂ ਵਿੱਚੋਂ ਮਿਲੀਆਂ ਕਿਰਨਾਂ ਇਸ ਜੀਵਨ ਪ੍ਰਣਾਲੀ ਦੀ ਮੁਢਲੀ ਸਰੋਤ ਹੈ। ਇਸ ਨਾਲ ਗੁਰਮਤਿ ਦੇ ਖ਼ਜ਼ਾਨਿਆਂ ਚੋਂ ਮਿਲੀ ਸਹਿਨਸ਼ੀਲਤਾ, ਸਬਰ, ਸ਼ੁਕਰ, ਦੂਜੇ ਲਈ ਅਹਿਸਾਸ, ਨਿਮਰਤਾ, ਮਿੱਠੀ ਬੋਲੀ ਆਦਿ ਖੁਰਾਕਾਂ ਨਾਲ ਜੀਵ ਆਤਮਾ ਦੀ ਤ੍ਰਿਪਤੀ ਹੁੰਦੀ ਹੈ। ਇਹ ਰਤਨ ਸਾਰੀ ਲੁਕਾਈ ਦੇ ਭਲੇ ਲਈ ਗੁਰਮਤਿ ਦੇ ਦਰਸਾਏ ਮਾਰਗ ਤੇ ਚਲਣ ਵਾਲਿਆਂ ਦੇ ਹੱਥੋਂ ਵੰਡੀ ਰਹੇ ਹਨ। ਵਾਹਿਗੁਰੂ ਦੀਆਂ ਦਿੱਤੀਆਂ ਸਰਬ ਦਾਤਾਂ ਚੋਂ ਪਵਣ ਪਾਣੀ ਅੰਨ ਜ਼ਰੂਰੀ ਹਨ। ਬਾਕੀ ਨਿਹਮਤਾਂ ਵੀ ਜੀਵਨ ਲਈ ਜ਼ਰੂਰੀ ਹਨ। ਸਬਰ ਸੰਤੋਖ ਦੀ ਦਾਤ ਨਾਲ ਮਨੁੱਖ ਹਮੇਸ਼ਾ ਰੱਜਿਆ ਪੁੱਜਿਆ ਹੋ ਜਾਂਦੈ। ਕੁਦਰਤ ਤੇ ਕਾਦਰ ਦੀਆਂ ਦਿੱਤੀਆਂ ਸੌਗਾਤਾਂ ਬਰਕਤਾਂ ਬਣ ਜੀਵਨ ਨੂੰ ਸੁਚਾਰੂ ਢੰਗ ਨਾਲ ਚਲਾਣ ਚ ਸਹਾਈ ਹੁੰਦੀਆਂ ਹਨ। ਹਰ ਇੱਕ ਲਿੱਤੇ ਹੋਏ ਸਾਹ ਦਾ ਜੇ ਹਿਸਾਬ ਕਰੀਏ ਤਾਂ ਜ਼ਮੀਰ ਸਿਰ ਉੱਚਾ ਨਹੀਂ ਕਰ ਸਕਦੀ। ਪਰ ਕਮਾਲ ਹੈ ਵਾਹਿਗੁਰੂ ਦਾ ਅਤੁੱਟ ਭੰਡਾਰ ਜੋ ਸਦਾ ਭਰਪੂਰ ਰਹਿੰਦਾ ਹੈ। ਪੁਸ਼ਤਾਂ ਪਲਦੀਆਂ ਪਈਆਂ ਹਨ। ਇਹ "ਅਖੁੱਟ ਭੰਡਾਰ" ਬਿਨਾ ਕਿਸੇ ਵਿਤਕਰੇ ਦੇ ਕੁਦਰਤ ਵੰਡਦੀ ਪਈ ਹੈ। ਗੁਰੂ ਸਾਹਿਬਾਨ ਦੇ ਦਰਸਾਏ ਮਾਰਗ ਉੱਤੇ ਚਲਣ ਵਾਲਾ ਹਰ ਹਿਰਦਾ ਉਸ ਮਾਲਕ ਦੇ ਨਾਮ ਨਾਲ ਜੁੜਿਆ, ਕਿਰਤ ਕਰਮ ਕਰਦਾ ਜੀਵਨ ਸਵਾਰਦੈ। ਹਉਮੈ ਨੂੰ ਤਿਆਗ ਕੇ, ਸਵੈ (ਮੈਂ) ਨੂੰ ਸਮਰਪਨ ਕਰਕੇ ਸਦੀਵੀ ਮੁਕਤੀ ਦਾ ਸੌਖਾ ਮਾਰਗ ਗੁਰੂ ਸਾਹਿਬਾਨ ਦੀ ਅਦੁੱਤੀ ਜੀਵਨ ਜਾਚ ਚੋਂ ਪ੍ਰਾਪਤ ਹੋ ਸਕਦਾ ਹੈ। ਪ੍ਰਭੂ ਦੇ ਮਿਲਾਪ ਲਈ ਕਈ ਹੋਰ ਰਸਤੇ ਵੀ ਹਨ ਅਤੇ ਕਈ ਪਾਂਧੀ ਉਨ੍ਹਾਂ ਰਸਤਿਆਂ ਤੇ ਪਏ ਹੋਏ ਹਨ। ਐਸੇ ਸਾਰੇ ਮਾਰਗ ਸਤਿਕਾਰਯੋਗ ਹਨ। ਮਗਰ ਗੁਰਮਤਿ ਮਾਰਗ ਮਨੁੱਖ ਦੇ ਅੰਦਰੋਂ ਹਉਮੈ ਦਾ ਨਾਸ ਕਰਕੇ ਪ੍ਰਭੂ ਦੀ ਮਰਜੀ (ਰਜ਼ਾ) ਵਿੱਚ ਜੀਊਣ ਲਈ ਤਿਆਰ ਕਰਦਾ ਹੈ। ਜੋ ਕੁਝ ਸਾਰੇ ਪਾਸਾਰੇ ਵਿੱਚ ਵਾਪਰਦੈ, ਉਸ ਵਾਹਿਗੁਰੂ ਦੀ ਮਰਜ਼ੀ ਨਾਲ ਹੀ ਵਾਪਰਦੈ। ਉਸਦੇ ਹੁਕਮ ਵਿੱਚ ਸੰਤੋਖੀ ਹੋਕੇ ਉਸਦਾ ਹਰ ਗਲ ਵਿੱਚ ਸ਼ੁਕਰਾਨਾ ਕਰਨਾ ਹੀ ਗੁਰਮਤਿ ਦਾ ਮਾਰਗ ਹੈ। ਸਿੱਖ ਉਸ ਮਾਲਕ ਦੀ ਹਰ ਸ਼ੈਅ, ਅਵਸਥਾ ਅਤੇ ਸਥਿਤੀ ਦਾ ਸਤਿਕਾਰ ਕਰਦਾ ਜਾਪਦਾ ਹੈ।

*"ਕਹੁ ਨਾਨਕ ਕਰਤੇ ਕੀਆਂ ਬਾਤਾਂ*
*ਜੋ ਕਿਛ ਕਰਨਾ ਸੋ ਕਰ ਰਿਹਾ।"*

ਗੁਰਸਿੱਖ ਦਾ ਜੀਵਨ ਸਾਦਾ, ਸਪਸ਼ਟ ਅਤੇ ਪਾਰਦਰਸ਼ੀ ਹੁੰਦਾ ਹੈ। ਉਸ ਦਾ ਅੰਦਰ ਬਾਹਰ ਇੱਕੋ ਜਿਹਾ ਹੁੰਦਾ ਹੈ। ਉਸ ਦੇ ਹਿਰਦੇ ਦੀ ਸਵੱਛਤਾ ਉਸਦੇ ਖਿੜੇ ਮੱਥੇ ਤੇ ਦ੍ਰਿਸ਼ਟੀਮਾਨ ਹੁੰਦੀ ਹੈ। ਮਿਠ ਬੋਲੜਾ, ਸਭ ਦਾ ਸਤਿਕਾਰ ਕਰਨ ਵਾਲਾ, ਕਿਸੇ ਨਾਲ ਧਰੋਹ ਨਾ ਕਰਨ ਵਾਲਾ, ਹੱਕ ਹਲਾਲ ਨਾਲ ਮਿਹਨਤ ਕਰਕੇ ਰੋਜ਼ੀ ਕਮਾਕੇ, ਵਿਚੋਂ ਦੂਜੇ ਲੋੜਵੰਦਾਂ ਦੀ ਮਦਦ ਕਰਨ ਵਾਲਾ, ਸੱਚ ਤੇ ਨਿਆਂ ਦਾ ਵਣਜਾਰਾ, ਸੱਚ ਦਾ ਪੱਲਾ ਨਾ ਛੱਡਣ ਵਾਲਾ, ਹਰ ਹਾਲਤ ਵਿੱਚ ਸ਼ੁਕਰ ਮਨਾਣ ਵਾਲਾ, ਥੋੜ੍ਹੇ 'ਚ ਬਹੁਤਾ ਜਾਣ ਲੈਣ ਵਾਲਾ, ਪਰਉਪਕਾਰ ਕਰਕੇ ਨਾ ਜਤਾਣ ਵਾਲਾ ਅਤੇ ਸਾਰੇ ਜਗਤ ਦੇ ਵਸਨੀਕਾਂ ਦੀ ਭਲਾਈ ਲਈ ਅਰਦਾਸਾਂ ਕਰਨ ਵਾਲਾ ਜੀਊੜਾ ਕੇਵਲ ਗੁਰਸਿੱਖ ਹੀ ਹੋ ਸਕਦਾ ਹੈ। ਗੁਰੂ ਸਾਹਿਬਾਨ ਨੇ ਕਿਸੇ ਵਿਅਕਤੀ ਵਿਸ਼ੇਸ਼ ਦੇ ਖ਼ਿਲਾਫ਼ ਕੋਈ ਗੱਲ ਨਹੀਂ ਕਹੀ। ਹਾਂ ਸਮਾਜ ਵਿੱਚ

ਫੈਲੀਆਂ ਐਸੀਆਂ ਪ੍ਰਵਰਤੀਆਂ ਜਿਨ੍ਹਾਂ ਕਾਰਨ ਮਨੁੱਖ ਜਾਤੀ ਦਾ ਘੋਰ ਅਪਮਾਨ ਹੋਇਆ ਹੈ, ਦੇ ਵਿਰੋਧ ਵਿੱਚ ਇਨਸਾਨੀਅਤ ਦੇ ਨਾਮ ਤੇ ਦੁਹਾਈ ਦਿੱਤੀ ਹੈ। ਸੁੱਤੀਆਂ ਇਨਸਾਨੀ ਕਦਰਾਂ ਦੀ ਘੂਕੀ ਤਰੋੜੀ ਹੈ। ਮਨੁੱਖ ਨੂੰ ਮਨੁੱਖ ਨਾਲੋਂ ਨਖੇੜਨ ਵਾਲੀ ਕਿਸੇ ਵੀ ਧਾਰਮਿਕ, ਸਮਾਜਿਕ ਜਾਂ ਰਾਜਸੀ ਹੇਰਾ ਫੇਰੀ ਨੂੰ ਬਰਦਾਸਤ ਨਹੀਂ ਕੀਤਾ। ਸਮਾਜ ਵਿੱਚ ਸੱਚ ਦੇ ਨਾਲ ਚੰਗੀ ਇਨਸਾਨੀ ਕਦਰਾਂ ਦੀ ਮਹਾਨਤਾ ਨੂੰ ਵਡਿਆਇਆ ਹੈ। ਸੰਸਾਰਕ ਭਾਈਚਾਰੇ ਵਿੱਚ ਇਸ ਵਣਜ ਵਿਹਾਰ ਦੇ ਸਦਕੇ ਸਮਾਜ ਵਿੱਚ ਸੁਖਾਵਾਂ ਅਤੇ ਸ਼ਾਂਤ ਮਾਹੌਲ ਪੈਦਾ ਹੁੰਦਾ ਹੈ। ਇਹੀ ਗੁਰੂ ਘਰ ਦੀ ਵਡਿਆਈ ਹੈ। ਆਪਣੇ ਆਪ ਨੂੰ ਹੌਲਾ ਤੇ ਨੀਵਾਂ ਅਤੇ ਦੂਜੇ ਨੂੰ ਆਪਣੇ ਤੋਂ ਵਧ ਸਤਿਕਾਰ ਯੋਗ ਸਮਝਣਾ ਹੀ ਨਿਮਰਤਾ ਹੈ ਤੇ ਇਹੋ ਸਿਦਕੀ ਸਿੱਖਾਂ ਦੇ ਜਰਨ ਵਾਲੇ ਜਜ਼ਬੇ ਦਾ ਆਧਾਰ ਹੈ। "ਹਮ ਨਹੀ ਚੰਗੇ ਬੁਰਾ ਨਹੀ ਕੋਇ" ਵਿੱਚ ਇਸ ਮਹਾਨ ਫ਼ਲਸਫ਼ੇ ਦੀ ਝਲਕ ਸਿਦਕੀ ਸਿੱਖਾਂ ਨੂੰ ਸਦਾ ਦਿਸਦੀ ਰਹਿੰਦੀ ਹੈ।

ਗੁਰਮਤਿ ਵਿਚਾਰਧਾਰਾ ਮਨੁੱਖਤਾ ਦੀਆਂ ਸਾਰੀਆਂ ਕਦਰਾਂ ਨੂੰ ਵਿਸ਼ੇਸ਼ ਸਥਾਨ ਦੇਂਦੀ ਹੈ। ਸਿੱਖ ਆਪਣੇ ਜੀਵਨ ਨੂੰ ਆਦਰਸ਼ਕ ਮਾਨਵ ਦੇ ਜੀਵਨ ਵਰਗਾ ਬਣਾਉਣ ਦੇ ਯਤਨਾਂ ਵਿੱਚ ਗੁਰੂ ਸਿੱਖਿਆ ਤੋਂ ਪ੍ਰੇਰਿਤ ਹੈ। ਐਸੇ ਵਡਮੁੱਲੇ ਜੀਵਨ ਸਮਾਜ ਵਿੱਚ ਗੁਰੂ ਸਿੱਖਿਆ ਤੋਂ ਪ੍ਰੇਰਿਤ ਹੈ। ਐਸੇ ਵਡਮੁੱਲੇ ਜੀਵਨ ਸਮਾਜ ਵਿੱਚ ਦੂਜੇ ਭੁੱਲੇ ਭਟਕੇ ਜੀਵਾਂ ਲਈ ਉਤਸ਼ਾਹ ਜਾਗਰਤ ਕਰਦੇ ਹਨ। ਸਮਾਜ ਦੇ ਹਰ ਵਰਗ, ਹਰ ਫਿਰਕੇ ਅਤੇ ਹਰ ਵਿਅਕਤੀ ਵਿਸ਼ੇਸ਼ ਨੂੰ ਤਰਜੀਹ ਦੇ ਕੇ ਹਲੂਣਾ ਦੇਣ ਵਾਲੇ ਗੁਰਸਿੱਖਾਂ ਦੀ ਘਾਟ ਅੱਜ ਦੀ ਅਫਸੋਸਨਾਕ ਸਚਾਈ ਹੈ। ਗੁਰੂ ਦੀ ਮਤ ਨੂੰ ਅੱਜ ਦੇ ਸਿੱਖ ਨੇ ਬ੍ਰਾਹਮਣਿਕ ਕਰਮ ਕਾਂਡ ਨਾਲ ਕੱਜ ਲਿਆ ਹੈ। ਜੀਵਨ ਨੂੰ ਗੁਰਮਤਿ ਨਾਲ ਜੀਉਣਾ ਹੀ ਗੁਰਮਤਿ ਹੈ ਅਤੇ ਇਹੀ ਜੀਵਨ ਸੰਸਾਰ ਦੀ ਭਟਕਣ ਨੂੰ ਸਿੱਧੇ ਰਾਹ ਪਾ ਸਕਦਾ ਹੈ। ਅਸੂਲ ਬਣ ਜਾਣ ਨਾਲ ਹੀ ਸਮਾਜ ਸੁਧਾਰ ਨਹੀਂ ਹੋ ਸਕਦਾ। ਅਸੂਲਾਂ ਨੂੰ ਅਮਲੀ ਜਾਮਾ ਦੇਣ ਨਾਲ ਹੀ ਗੁਰੂ ਆਸ਼ਾ ਦੀ ਪੂਰਤੀ ਹੋ ਸਕਦੀ ਹੈ। ਸਿੱਖਾਂ ਨੂੰ ਉਹ ਸਾਰੀਆਂ ਹਰਕਤਾਂ ਕਰਨੋ ਵਰਜਣਾ ਚਾਹੀਦਾ ਹੈ ਜਿੰਨ੍ਹਾਂ ਕਾਰਨ ਸਿੱਖ ਵਿਚਾਰਧਾਰਾ ਦੇ ਖੂਬਸੂਰਤ ਵਿਰਸੇ ਨੂੰ ਢਾਅ ਲੱਗ ਰਹੀ ਹੈ। ਅੰਦਰਲੇ ਜੀਵਨ ਦੇ ਨਾਲ ਬਾਹਰਲੇ ਜੀਵਨ ਵਿੱਚ ਵੀ ਨਵੇਕਲਾਪਨ ਆਉਣਾ ਜ਼ਰੂਰੀ ਹੈ। ਅੱਜ ਦੀ ਸਿੱਖ ਸਿਆਸਤ ਨੂੰ ਆਪਣੀ ਕੋਹਜੀ ਰਣਨੀਤੀ ਨੂੰ ਤਿਆਗ ਕੇ ਗੁਰਮਤਿ ਦੇ ਸੁਨਹਿਰੀ ਅਸੂਲਾਂ ਮੁਤਾਬਕ ਆਪਣੇ ਮਤਭੇਦ ਨਜਿੱਠ ਲੈਣ ਦੀ ਸਖ਼ਤ ਜ਼ਰੂਰਤ ਹੈ। ਇਸ ਦਾ ਪ੍ਰਭਾਵ ਸਿੱਖ ਵਿਚਾਰਧਾਰਾ ਦੇ ਵਡਮੁੱਲੇ ਵਿਰਸੇ ਵਿੱਚ ਸੰਨ੍ਹ ਲਾ ਰਿਹਾ ਹੈ। ਸਿੱਖ ਹਾਸੋਹੀਣੀ ਅਵਸਥਾ ਵਿੱਚ ਪੈ ਜਾਣ ਦੇ ਨੇੜੇ ਪੁੱਜ ਰਿਹਾ ਹੈ।

ਸਿੱਖਾਂ ਦੇ ਪਿਛੋਕੜ ਨੂੰ ਅੱਜ ਦਾ ਮਨੁੱਖ ਬੜੇ ਗੌਹ ਨਾਲ ਪੜ੍ਹ ਰਿਹਾ ਹੈ। ਸਿੱਖ ਰਵਾਇਤਾਂ ਨੂੰ ਸਲਾਹੁਤ ਮਿਲੀ ਹੈ। ਇਸ ਵਿਚਾਰਧਾਰਾ ਵਿੱਚ ਸਮੂਹ ਮਨੁੱਖ ਜਾਤੀ ਦੇ ਕਲਿਆਣ ਦਾ ਸਾਂਝਾ ਸੰਦੇਸ਼ ਦੁਨੀਆਂ ਦੇ ਵਿਚਾਰਕਾਂ ਨੇ ਪੜ੍ਹ ਲਿਆ ਹੈ। ਅੱਜ ਅਸਾਡੇ ਆਪਣੇ ਯਤਨ ਢਿੱਲੇ ਪੈ ਰਹੇ ਹਨ। ਆਉ ਅਸੀਂ ਸਾਰੇ ਰਲ ਮਿਲਕੇ ਆਪਣਾ ਆਪਣਾ ਯੋਗਦਾਨ ਇਸ ਮੁਹਿਮ ਵਿੱਚ ਪਾਈਏ। ਇਹ ਕੇਵਲ ਤਾਂ ਹੀ ਮੁਮਕਿਨ ਹੈ ਜੇ ਅਸੀਂ ਆਪ ਆਪਣੇ ਆਪ ਨੂੰ ਉਸ ਰੰਗ ਵਿੱਚ ਰੰਗ ਲਈਏ। ਭੇਖ ਦੀ ਕੋਈ ਥਾਂ ਨਹੀਂ ਇਸ ਵਿੱਚ। ਬੰਧਨ ਤੇ ਬੰਦਸ਼ ਵਿੱਚ ਨਹੀਂ ਪੈਣਾ। ਵਹਿਮ ਤੇ ਟਪਲਿਆਂ ਤੋਂ ਸਾਵਧਾਨ ਰਹਿਕੇ ਸਿੱਖੀ ਜੀਵੀ ਜਾਏ। ਸਾਦਗੀ ਅਤੇ ਸਦਾਚਾਰੀ ਦੀ ਜੀਵਨੀ ਵਿੱਚ ਕਿਸੇ ਮੁਗਾਲਤੇ ਦੀ ਕੋਈ ਜਗ੍ਹਾ ਨਹੀਂ। ਸਿੱਖ ਜੀਵਨ ਸਾਧਾਰਨ ਮਨੁੱਖੀ ਜੀਵਨ ਦਾ ਸੁੱਚਾ ਸਰੂਪ ਹੈ। ਇਹ ਆਪਣੇ ਅੰਦਰ ਮੁਕੰਮਲ ਜੀਵਨ ਜਾਚ ਹੈ। ਇਹ ਵਾਹਿਗੁਰੂ ਦੀ ਬਣਾਈ ਬਣਤ ਵਿੱਚ ਸਿੱਧੀ ਲਕੀਰ ਹੈ। ਇਸ ਤੇ ਤੁਰਦਾ ਬੰਦਾ ਅਡੋਲ ਹੁੰਦਾ ਹੈ। ਇਹ ਭੈ ਤੋਂ ਰਹਿਤ ਜੀਉਣਾ ਹੈ। ਇਹ ਅਣਖ ਦਾ ਜੀਵਨ ਹੈ। ਇਹ ਰਜ਼ਾ ਵਿੱਚ ਰਹਿ ਕੇ ਸ਼ੁਕਰਾਨਾ ਕਰਨ ਦਾ ਜੀਵਨ ਹੈ। ਇਹ ਵਾਹਿਗੁਰੂ ਦੀ ਬਣਾਈ ਸਰਬ ਸਾਂਝੀ ਜੀਵਨ ਪ੍ਰਣਾਲੀ ਵਿੱਚ ਖਿੜੇ ਫੁੱਲ ਦਾ ਜੀਵਨ ਹੈ। ਸਿੱਖ ਵਾਹਿਗੁਰੂ ਦੀ ਸਗਵੀਂ ਘੜਤ ਹੈ। ਸਿੱਖ ਮੁਕੰਮਲ ਇਨਸਾਨ ਹੈ ਅਤੇ ਇਸ ਦਾ ਸਮੂਹ ਮਨੁੱਖ ਜਾਤੀ ਵਿੱਚ ਨਵੇਕਲਾ ਸਥਾਨ ਹੈ। ਅੱਜ ਸਾਰੇ ਸਿੱਖ ਜਗਤ ਨੂੰ ਇੱਕ ਜੁਟ ਹੋ ਕੇ ਸਾਂਝੀਵਾਲਤਾ ਦੀ ਮੁਹਿਮ ਵਿੱਚ ਜੁੜਨ ਦੀ ਲੋੜ ਹੈ। ਆਉ, ਆਪਣੇ ਚੁਗਿਰਦੇ ਦੇ ਸੁੰਗੜੇ ਮਾਹੌਲ ਚੋਂ ਬਾਹਰ ਆਉ। ਸਿੱਖ ਮਿਸਾਲ ਬਣੇ ਤਮਾਸ਼ਾ ਨਾ ਬਣੇ...! ਸਿੱਖ ਮਨੁੱਖ ਨੂੰ ਮਨੁੱਖ ਵਾਂਗ ਜੀਉਣ ਦਾ ਉਤਸ਼ਾਹ ਦੇਵੇ। ਸਿੱਖ ਕੂੜ ਪਾਸਾਰੇ ਅਤੇ ਜਾਤਪਾਤ ਦੇ ਘੇਰਿਆਂ ਚੋਂ ਬਾਹਰ ਨਿਕਲ ਆਪਣੇ ਮੂਲ ਨੂੰ ਪਛਾਣੇ। ਜੱਟ, ਖੱਤਰੀ, ਭਾਪਾ, ਰਾਮਗੜ੍ਹੀਆ, ਅਰੋੜਾ, ਭਾਟੀਆ, ਚੂੜ ਚਮਾਰ ਆਦਿ ਲੇਬਲਾਂ ਨੂੰ (ਆਪਣੇ ਪਿੱਛੇ ਨਾਲ ਚੰਬੜੇ ਚਿੱਚੜਾਂ ਨੂੰ) ਲਾਹ ਸੁੱਟੇ। ਸਿੱਖ-ਸਰੂਪ ਸਮੂਹ ਮਨੁੱਖ ਜਾਤੀ ਦੀ ਸਰਵੋਚ ਨਸਲ ਹੈ ਜਿਸ ਨੂੰ ਗੁਰੂ ਸਾਹਿਬਾਨ ਦਾ ਸਰੂਪ ਪ੍ਰਾਪਤ ਹੈ। ਆਉ ਆਪਣੇ ਮੂਲ ਦੀ ਪਛਾਣ ਕਰਦੇ ਹੋਏ ਗੁਰੂ ਮਾਰਗ ਤੇ ਚਲਕੇ ਸਾਰੇ ਮਨੁੱਖਾਂ ਦਾ ਮਾਰਗ ਦਰਸ਼ਨ ਬਣੀਏ। ਤਾਂ ਹੀ ਇਹ "ਗਾਡੀ ਰਾਹੁ" ਦਾ ਸਫ਼ਰ ਸਫ਼ਲ ਹੋਇਆ ਜਾਣੀਏ। ■

# ਖ਼ਾਲਸਾ ਤੇ ਵਾਤਾਵਰਨ ਦੀ ਸੇਵਾ

ਰਾਜਬੀਰ ਸਿੰਘ ਆਟੋਪਿੰਨ ★

ਖ਼ਾਲਸੇ ਨੂੰ ਵਾਤਾਵਰਣ ਨਾਲ ਪਿਆਰ ਕਰਨ ਵਾਲਾ ਬਣਾਉਣ ਦਾ ਇਹ ਉਪਰਾਲਾ ਹੈ ਜਿਸਦੀ ਪ੍ਰੇਰਣਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਤੋਂ ਲੈ ਕੇ, ਇਸ ਸੰਸਾਰ ਦੀਆਂ ਮੌਜੂਦਾ ਮੁਸ਼ਕਲਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਕਿਸੇ ਨੂੰ ਦੱਸਣ ਦੀ ਲੋੜ ਨਹੀਂ ਕਿ ਜੰਗਲਾਂ ਦੀ ਸਫਾਈ ਆਦਿ ਨਾਲ ਸੰਸਾਰ ਤੇ ਕਿੰਨੇ ਨਾਕਾਰਤਮਕ ਅਸਰ ਪੈ ਰਹੇ ਹਨ। ਸੰਸਾਰ ਨੂੰ ਇਨ੍ਹਾਂ ਬੁਰੇ ਅਸਰਾਂ ਤੋਂ ਬਚਾਉਣ ਲਈ ਸਾਨੂੰ, ਖ਼ਾਲਸਾ ਕੌਮ ਨੂੰ ਅੱਗੇ ਆਉਣਾ ਚਾਹੀਦਾ ਹੈ। ਸਾਨੂੰ ਗੁਰੂ ਵਲੋਂ ਦਿੱਤੀ ਸਰਬੱਤ ਦੇ ਭਲੇ ਲਈ ਅਰਦਾਸ, ਬਾਣੀ ਅਤੇ ਪਿਆਰ ਨੂੰ ਜੀਵਨ ਰੂਪੀ ਰੁੱਖ ਥੱਲੇ ਇਕੱਠਿਆਂ ਕਰਕੇ ਉਸਦੀ ਜੜ੍ਹਾਂ ਨੂੰ ਪਾਣੀ ਦੇਣਾ ਹੈ। ਅਸੀਂ ਅਰਦਾਸ ਕਰੀਏ ਕਿ 'ਸ਼ਬਦ' ਸਾਡੀ ਆਤਮਾ ਦੀਆਂ ਜੜ੍ਹਾਂ ਨੂੰ ਹਰਾ ਕਰੇ ਤਾਂ ਜੋ ਸਾਡੇ 'ਚ ਪ੍ਰਭੂ ਦੀ ਬਾਣੀ ਦੇ ਫਲ ਲਗ ਸੱਕਣ ਅਤੇ ਅਸੀਂ ਇਸ ਬਾਣੀ ਰੂਪੀ ਫੱਲ ਨਾਲ ਸੰਸਾਰ ਅਤੇ ਮਨੁੱਖਤਾ ਨੂੰ ਲਾਭ ਪਹੁੰਚਾ ਸਕੀਏ।

ਖ਼ਾਲਸਾ ਜਾਗਦੀ ਜੋਤ ਹੈ, ਖਿੜੇ-ਹਰੇ ਵਿਚਾਰ ਹਨ ਅਤੇ ਪ੍ਰਭੂ ਦੀ ਜੋਤ ਇਸਦੇ ਅੰਦਰੋਂ ਪ੍ਰਗਟ ਹੁੰਦੀ ਹੈ। ਸਾਨੂੰ ਇਸ ਅੰਦਰੋਂ ਪ੍ਰਗਟ ਹੋ ਰਹੀ ਸ਼ਕਤੀ ਨੂੰ ਮੌਜੂਦਾ ਮੁਸ਼ਕਿਲਾਂ ਨੂੰ ਹੱਲ ਕਰਣ ਲਈ ਵਰਤਣਾ ਪਵੇਗਾ।

ੴ-ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਹੈ ੴ-ਇੱਕ ਰੱਬ, ਇੱਕ ਸੰਸਾਰ। ਉਹ ਸੰਸਾਰ ਜਿਸਦੇ ਅਸੀਂ ਪ੍ਰਾਣੀ ਹਾਂ, ਜਿੱਥੇ ਅਸੀਂ ਰਹਿਣ ਲਈ ਆਏ ਹਾਂ ਅਤੇ ਜਿੱਥੇ ਆਪਣੇ ਧਰਮ ਦੀ ਤੇ ਸੱਚ ਦੀ ਭਾਲ ਕਰਨ ਲਈ ਆਏ ਹਾਂ-

*ਰਾਤੀ ਰੁਤੀ ਥਿਤੀ ਵਾਰ॥*
*ਪਵਣ ਪਾਣੀ ਅਗਨੀ ਪਾਤਾਲ॥*
*ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥*

ਪਰ ਇਹ ਧਰਮ ਸਾਲ ਪ੍ਰਦੂਸ਼ਿਤ ਹੋ ਰਿਹਾ ਹੈ, ਗੰਦਲਾ ਹੋ ਰਿਹਾ ਹੈ। ਜੇਕਰ ਇਸਦਾ ਦੁਰ-ਉਪਯੋਗ ਇਸੀ ਤਰ੍ਹਾਂ ਹੁੰਦਾ ਤਾਂ ਆਉਂਦੇ ਸਮੇਂ ਵਿੱਚ ਇਹ ਧਰਤੀ ਸਾਡੇ ਰਹਿਣ ਲਈ ਤੇ ਧਰਮ ਦੇ ਅਨੁਕੂਲ ਨਹੀਂ ਰਹੇਗੀ। ਸਾਡੀ ਅਰਦਾਸ ਤੇ ਜਤਨਾਂ ਨਾਲ ਅਸੀਂ ਇਸ ਸੰਸਾਰ ਨੂੰ ਰਹਿਣ ਲਈ ਚੰਗੀ ਥਾਂ ਬਣਾ ਸਕਦੇ ਹਾਂ।

ਗੁਰੂ ਸਾਹਿਬ ਨੇ ਖ਼ਾਲਸਾ ਥਾਪਿਆ ਤੇ ਉਹਨੂੰ ਸ਼ਬਦ ਗੁਰੂ ਨਾਲ ਜੋੜਿਆ। ਗੁਰੂ ਸਾਹਿਬ ਨੇ ਖ਼ਾਲਸੇ ਵਿੱਚ ਮੁੱਢਲੇ ਸਿਧਾਂਤ ਮਨੁੱਖੀ ਸਾਂਝੀਵਾਲਤਾ, ਰੱਬੀ ਪਿਆਰ ਅਤੇ ਸੇਵਾ ਬਖ਼ਸ਼ੇ।

*ਜਾਗਤ ਜੋਤਿ ਜਪੈ ਨਿਸ ਬਾਸੁਰ*
*ਏਕ ਬਿਨਾਂ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ*
*ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥*
*ਤੀਰਥ ਦਾਨ ਦਇਆ ਤਪ ਸੰਜਮ*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤਿ ਜਗੈ ਘਟ ਮੈ*
*ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥*

ਖ਼ਾਲਸਾ ਜਿਉਂਦਾ ਹੀ ਪਿਆਰ ਦੀ ਨੀਂਹ ਤੇ ਹੈ-ਪਿਆਰ ਰੱਬ ਨਾਲ। ਉਸ ਰੱਬੀ ਪਿਆਰ ਤੋਂ ਹੀ ਰੱਬ ਦੇ ਬਣਾਏ ਸੰਸਾਰ ਲਈ ਅਤੇ ਰੱਬ ਦੇ ਬਣਾਏ ਹੋਏ ਬੰਦਿਆਂ ਲਈ ਪਿਆਰ ਆਉਂਦਾ ਹੈ।

*ਸਾਚੁ ਕਹੋਂ ਸੁਨ ਲੇਹੁ ਸਭੈ*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥*

ਸੇਵਾ: ਸਿੱਖ ਦੇ ਜੀਵਨ ਦੀ ਨੀਂਹ ਹੀ ਸੇਵਾ ਦੇ ਸਿਧਾਂਤ ਨਾਲ ਰੱਖੀ ਗਈ ਹੈ। ਸੇਵਾ ਉਹ ਕਰਮ ਹੈ ਜੋ ਗੁਰੂ ਨੂੰ ਧਿਆਨ 'ਚ ਰੱਖ ਕੇ ਭੇਟਾ ਵਜੋਂ ਕੀਤਾ ਜਾਵੇ ਅਤੇ ਜਿਸ ਨਾਲ ਵੀਚਾਰ ਸ਼ੁੱਧ ਹੋ ਸਕਣ। ਗੁਰੂ ਸਾਹਿਬਾਨ ਦੇ ਜੀਵਨ-ਕਾਲ ਵਿੱਚ ਸਿੱਖਾਂ ਦੀ ਸੇਵਾ ਦਿੱਸਣ ਵਿੱਚ ਕਈ ਤਰ੍ਹਾਂ ਦੀ ਸੀ ਪਰ ਅਸਲ 'ਚ ਉਸ ਸੇਵਾ ਦਾ ਭਾਵ ਗੁਰੂ ਦਾ ਹੁਕਮ ਮੰਨਣਾ ਅਤੇ ਆਪਣੇ ਆਪ ਨੂੰ ਸਮਰਪਿਤ ਕਰਨਾ ਹੀ ਹੈ।

ਸਾਡੇ ਵਲੋਂ ਕੀਤੀ ਸੇਵਾ ਸਾਡੇ ਵੀਚਾਰਾਂ ਨੂੰ ਦਰਸਾਉਂਦੀ ਹੈ। ਸੇਵਾ ਕਿਸੇ ਵੀ ਰੂਪ 'ਚ ਹੋ ਸਕਦੀ ਹੈ-ਵੀਚਾਰਾਂ ਰਾਹੀਂ, ਸ਼ਰੀਰਕ ਜਾਂ ਮਾਇਕ ਪੱਖੋਂ। ਪਰ ਸੇਵਾ ਪ੍ਰਭੂ ਦੇ ਦਰ 'ਤੇ ਉਹ ਹੀ ਪ੍ਰਵਾਨ ਹੈ ਜੋ ਗੁਰੂ ਨੂੰ ਚੇਤੇ ਰੱਖ ਕੇ ਕੀਤੀ ਹੋਵੇ। ਸਮੇਂ ਦੇ ਨਾਲ-ਨਾਲ ਸੇਵਾ ਦੇ ਰੂਪ ਵੀ ਬਦਲਦੇ ਰਹਿੰਦੇ ਹਨ ਅਤੇ ਸਾਨੂੰ ਸੇਵਾ ਵੱਖ-ਵੱਖ ਤਰੀਕਿਆਂ ਨਾਲ ਕੀਤੀ ਮਿਲਦੀ ਹੈ। ਪਰ ਸੇਵਾ ਹਮੇਸ਼ਾ ਹੀ ਮਨੁੱਖਤਾ ਦੇ ਭਲੇ ਲਈ ਅਤੇ ਆਤਮਿਕ ਸ਼ੁੱਧਤਾ ਲਈ ਹੀ ਕੀਤੀ ਗਈ ਹੈ। ਗੁਰੂ ਦੇ ਸਿੱਖਾਂ ਵਲੋਂ ਵੱਖ-

★ # ਸਿੱਖ ਲੀਗ, 2602, ਸ਼ਾਦੀਪੁਰ ਮੇਨ ਬਾਜ਼ਾਰ, ਵੈਸਟ ਪਟੇਲ ਨਗਰ, ਨਵੀਂ ਦਿੱਲੀ-110 008

ਵੱਖ ਰੂਪ ਵਿੱਚ ਕੀਤੀ ਗਈ ਸੇਵਾ ਦੇ ਸਾਡੇ ਕੋਲ ਕਈ ਉਦਾਹਰਣ ਹਨ ਜਿਵੇਂ ਭਾਇ ਮੰਝ ਜੀ, ਭਾਈ ਜੈਤਾ ਜੀ, ਭਾਈ ਬਿੱਧੀ ਚੰਦ ਜੀ, ਬਾਬਾ ਬੁੱਢਾ ਜੀ, ਭਾਈ ਘਨੱਈਆ ਜੀ ਆਦਿ। ਇਹ ਹੁਣ ਅਸੀਂ ਵੇਖਣਾ ਹੈ ਕਿ ਸੇਵਾ ਨੂੰ ਕਿਸ ਰੂਪ ਵਿੱਚ ਆਪਣੇ ਤੌਰ ਤੇ ਕਰੀਏ ਅਤੇ ਕਿਸ ਰੂਪ 'ਚ ਕੌਮੀ ਪੱਧਰ ਤੇ। ਉਹ ਐਸੇ ਕਿਹੜੇ ਮੁੱਦੇ ਹਨ ਜਿਨ੍ਹਾਂ ਤੇ ਕੰਮ ਕਰਨ ਦੀ ਲੋੜ ਹੈ, ਜਿਸ ਨਾਲ ਸੰਸਾਰ ਦੀ ਤੇ ਲੋਕਾਈ ਦੀ ਮਦਦ ਹੋ ਸਕੇ ਅਤੇ ਜਿਸ ਨਾਲ ਸਾਡੀ ਆਤਮਿਕ ਸੋਚ ਵਿੱਚ ਵੀ ਹੋਰ ਵਾਧਾ ਹੋ ਸਕੇ।

ਸੇਵਾ ਦੇ ਭਾਵ ਮੌਜੂਦਾ ਸਮੇਂ ਤੇ ਹਾਲਾਤ ਤੋਂ ਹੀ ਉਭਰਦੇ ਹਨ। ਅੱਜ ਦੇ ਸਮੇਂ ਵਿੱਚ ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਬਚਾਉਣਾ, ਉਸਨੂੰ ਸੁਰੱਖਿਅਤ ਕਰਨਾ ਹੀ ਸਭ ਤੋਂ ਵੱਡੀ ਤੇ ਲੋੜਵੰਦ ਸੇਵਾ ਹੈ। ਵਾਤਾਵਰਣ ਦੀ ਸੇਵਾ ਹੀ ਮਨੁੱਖਤਾ ਨੂੰ ਬਚਾਉਣ ਦੀ ਸੇਵਾ ਹੈ।

*ਮੌਜੂਦਾ ਹਾਲਾਤ:* ਸਾਨੂੰ ਆਪਣੇ ਹਾਲਾਤ ਬਾਰੇ ਵੀਚਾਰ ਕਰਨਾ ਪਵੇਗਾ ਅਤੇ ਇਸ 'ਚ ਝਾਤੀ ਮਾਰਣੀ ਪਵੇਗੀ। ਖ਼ਾਲਸਾ ਦੇ ਇਹ ਹਾਲਾਤ ਕਿਉਂ ਹਨ? ਅਸੀਂ ਕਿਉਂ ਆਪਣੇ ਹੱਥ ਵਿੱਚ ਆਏ ਹੋਏ ਮੌਕੇ ਗੁਆ ਦਿੱਤੇ? ਅਸੀਂ ਕਿਉਂ ਆਪਣੇ ਗੁਰੂ ਦੇ ਦੱਸੇ ਰਾਹ ਤੇ ਨਹੀਂ ਤੁਰੇ? ਹੁਣ ਅਸੀਂ ਕਿਵੇਂ ਇਸ ਵਿੱਚ ਆਪ ਹੀ ਸੁਧਾਰ ਕਰ ਸਕਦੇ ਹਾਂ?

ਸਰਬ ਸਾਂਝਾ ਖ਼ਾਲਸਾ ਤੀਜੀ ਸ਼ਤਾਬਦੀ ਵਾਤਾਵਰਣ ਟਰੱਸਟ ਦੀ ਨਜ਼ਰ ਵਿੱਚ, ਅੱਜ ਜੋ ਸਿੱਖ ਕੌਮ ਮੁਸ਼ਕਿਲਾਂ ਦਾ ਸਾਹਮਣਾ ਕਰ ਰਿਹਾ ਹੈ, ਉਹ ਸਿੱਖੀ ਜੀਵਨ ਵਿੱਚੋਂ ਸ਼ਬਦ ਦੀ ਘਾਟ ਕਰਕੇ ਹੈ। ਸਾਨੂੰ ਇਸ ਪੱਖ ਤੋਂ ਸੁਧਾਰ ਕਰਨ ਦੀ ਲੋੜ ਹੈ। ਅਸੀਂ ਸੇਵਾ ਰਾਹੀਂ ਗੁਰੂ ਦੇ ਦੱਸੇ ਮਾਰਗ ਨੂੰ ਕੌਮੀ ਪੱਧਰ ਤੇ ਪ੍ਰਚਾਰਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਸਾਡੀ ਜ਼ਿਆਦਾਤਰ ਸ਼ਕਤੀ ਅੰਦਰਲੇ ਝਗੜਿਆਂ ਵਿੱਚ ਹੀ ਲਗਦੀ ਤੇ ਬਰਬਾਦ ਹੁੰਦੀ ਰਹੀ ਹੈ। ਇਹ ਹੁਣ ਸਾਡੇ ਉੱਤੇ ਹੈ ਕਿ ਅਸੀਂ ਇਸ ਕੌਮੀ ਸ਼ਕਤੀ ਨੂੰ ਚੰਗੇ ਪਾਸੇ ਲਾਈਏ ਤਾਂ ਜੋ ਦੁਨੀਆਂ ਨੂੰ ਤੇ ਹੋਰ ਕੌਮਾਂ ਨੂੰ ਵੀ ਇਸ ਤੋ ਲਾਭ ਹੋ ਸਕੇ। ਵਾਤਾਵਰਣ ਦੀ ਸੇਵਾ ਨਾਲ ਅਸੀਂ ਸੰਸਾਰ ਨੂੰ ਵਧੀਆ ਤੇ ਸੁੱਚਜੀ ਜਗ੍ਹਾ ਬਣਾ ਸਕਦੇ ਹਾਂ ਅਤੇ ਇਸ ਨਾਲ ਗੁਰੂ ਸ਼ਬਦ ਤੇ ਖ਼ਾਲਸੇ ਦਾ ਸਾਕਾਰਾਤਮਕ ਪੱਖ ਅਸੀਂ ਦੁਨੀਆਂ ਅੱਗੇ ਰੱਖ ਸਕਦੇ ਹਾਂ। ਜੇਕਰ ਸਾਡੀ ਇਹ ਸੇਵਾ ਸਿਰੇ ਚੜ੍ਹਦੀ ਹੈ ਤਾਂ ਸਾਰੀ ਦੁਨੀਆਂ ਦਾ ਮੀਡੀਆ ਸਾਨੂੰ ਮੌਕਾ ਦੇਵੇਗਾ ਕਿ ਅਸੀਂ ਪੂਰੀ ਦੁਨੀਆਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਨਾਲ ਸੰਬੋਧਿਤ ਕਰ ਸਕੀਏ।

ਇਸ ਲਈ ਸਾਨੂੰ ਮੌਜੂਦਾ ਹਾਲਾਤ ਨੂੰ ਹੋਰ ਜ਼ਿਆਦਾ ਸਮਝਣ ਲਈ ਆਪਣੇ ਅੰਦਰ ਹੀ ਝਾਤੀ ਮਾਰਨੀ ਪਵੇਗੀ ਤੇ ਵੇਖਣਾ ਪਵੇਗਾ ਕਿ ਅਸੀਂ ਕਿਸ ਦਿਸ਼ਾ ਵੱਲ ਤੁਰਨਾ ਹੈ। ਸਾਨੂੰ ਇਨ੍ਹਾਂ ਹਾਲਾਤਾਂ ਤੋਂ ਨਿਕਲਣ ਲਈ ਰਸਤਾ ਆਪਣੇ ਅੰਦਰੋਂ ਹੀ ਲੱਭਣਾ ਪਵੇਗਾ ਜਿਵੇਂ ਸਾਡੇ ਗੁਰੂ ਨੇ ਦੱਸਿਆ ਹੈ:

*ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ॥*
*ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ॥*
(ਪੰਨਾ 727)

ਸਾਨੂੰ ਸੇਵਾ ਦੇ ਪੱਖ ਨੂੰ ਪੂਰੀ ਦੁਨੀਆਂ ਅੱਗੇ ਲਿਜਾ ਕੇ ਉਨ੍ਹਾਂ ਦੀ ਲੋੜ ਨੂੰ ਆਪਣਾ ਮੁੱਦਾ ਬਨਾਉਣ ਦੀ ਲੋੜ ਹੈ। ਪੂਰੀ ਕੌਮ ਇਕੱਠਿਆਂ ਹੋ ਕੇ ਦੁਨੀਆਂ ਨੂੰ ਉਹ ਦੇ ਸਕਦੀ ਹੈ ਜੋ ਅੱਜ ਮਨੁੱਖਤਾ ਦੀ ਲੋੜ ਹੈ।

ਇਸ ਵਾਤਾਵਰਣ ਦੇ ਪ੍ਰਾਜੈਕਟ ਲਈ ਅਸੀਂ ਭਗਤ ਪੂਰਨ ਸਿੰਘ ਜੀ, ਪਿੰਗਲਵਾੜੇ ਵਾਲਿਆਂ ਤੋਂ ਪ੍ਰੇਰਣਾ ਲਈ ਹੈ ਜਿਨ੍ਹਾਂ ਨੇ ਵਾਤਾਵਰਣ ਦੀ ਇਸ ਸਮੱਸਿਆ ਤੇ ਕਈ ਸਾਲ ਪਹਿਲਾਂ ਲੋਕਾਂ ਦਾ ਧਿਆਨ ਦਿਵਾਇਆ। ਉਨ੍ਹਾਂ ਨੇ ਆਪਣੇ ਸੀਮਿਤ ਸਾਧਨਾਂ ਨਾਲ ਹੀ ਇਸ ਬਾਰੇ ਕਾਫੀ ਕੁੱਝ ਕੀਤਾ। ਅਸੀਂ ਉਨ੍ਹਾਂ ਨੂੰ ਤੇ ਉਨ੍ਹਾਂ ਵਲੋਂ ਕੀਤੇ ਉੱਦਮਾਂ ਨੂੰ ਪ੍ਰਣਾਮ ਕਰਦੇ ਹੋਏ ਉਨ੍ਹਾਂ ਨੂੰ ਆਪਣਾ ਮਾਰਗ-ਦਰਸ਼ਕ ਬਣਾਇਆ ਹੈ।

*ਇੱਕ ਸੁਪਨਾ:* ਇਹ ਸਾਡਾ ਇੱਕ ਸੁਪਨਾ ਹੈ ਕਿ ਜਦੋਂ ਸਾਡੀ ਆਉਣ ਵਾਲੀ ਪਨੀਰੀ, ਦੁਨੀਆਂ ਦੇ ਕਿਸੇ ਹਿੱਸੇ 'ਚ ਵੀ ਹੋਵੇਗੀ ਤਾਂ ਉਸਨੂੰ ਗਲਤ ਨਹੀਂ ਸਮਝਿਆ ਜਾਵੇਗਾ, ਦੁਰਕਾਰਿਆ ਨਹੀਂ ਜਾਵੇਗਾ ਤੇ ਉਸ ਦਾ ਮਖੌਲ ਨਹੀਂ ਬਣਾਇਆ ਜਾਵੇਗਾ। ਦੂਜੀਆਂ ਕੌਮਾਂ ਦੇ ਛੋਟੇ ਬੱਚੇ ਖ਼ਾਲਸੇ ਵੱਲ ਇਸ਼ਾਰਾ ਕਰਕੇ ਕਹਿਣਗੇ ਕਿ ਉਹ ਜਾ ਰਿਹਾ ਹੈ ਹਰਿਆ-ਭਰਿਆ ਖ਼ਾਲਸਾ ਜਿਸਨੇ ਇਸ ਦੁਨੀਆਂ ਨੂੰ ਬਚਾਉਣ ਵਿੱਚ ਅਤੇ ਇਹਨੂੰ ਰਹਿਣ ਲਈ ਚੰਗੀ ਥਾਂ ਬਨਾਉਣ ਵਿੱਚ ਇੱਕ ਅਹਿਮ ਰੋਲ ਅਦਾ ਕੀਤਾ ਹੈ।

ਆਉਂਦੀ ਦੁਨੀਆਂ ਖ਼ਾਲਸਾ ਨੂੰ ਉਹਦੀ ਬਣਦੀ ਥਾਂ ਦੇਵੇਗੀ ਅਤੇ ਗੁਰੂ ਸਾਹਿਬ ਦੀ ਬਾਣੀ ਦੁਨੀਆਂ ਭਰ ਦੇ

ਲੋਕਾਂ 'ਚ ਪੜ੍ਹੀ ਜਾਵੇਗੀ। ਇਹ ਸਾਡਾ ਸੁਪਨਾ ਹੈ ਜੋ ਅਸੀਂ ਇਸ ਖ਼ਾਲਸਾ ਵਾਤਾਵਰਣ ਪ੍ਰਾਜੈਕਟ ਨਾਲ ਲੈ ਕੇ ਚਲ ਰਹੇ ਹਾਂ। ਆਓ, ਅਸੀਂ ਗੁਰੂ ਨੂੰ ਧਿਆਨ 'ਚ ਰੱਖ ਕੇ ਆਪਣਾ ਤਨ-ਮਨ ਇਸ ਪ੍ਰਾਜੈਕਟ ਵਿੱਚ ਲਾ ਦੇਈਏ।

ਖ਼ਾਲਸਾ ਵਾਤਾਰਵਣ ਪ੍ਰਾਜੈਕਟ ਦੇ ਅਧੀਨ ਆਰੰਭ ਵਿੱਚ ਪੌਦੇ ਲਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਆਉਂਦੇ ਵਰ੍ਹੇ ਵਿੱਚ ਤਕਰੀਬਨ ਦੋ ਲੱਖ ਪੇੜ ਲਾਏ ਜਾਣਗੇ। ਇਹ ਪੌਦੇ ਸੰਗਤਾਂ ਵਲੋਂ ਗੁਰਦੁਆਰਿਆਂ ਅਤੇ ਕਾਲੋਨੀਆਂ ਵਿੱਚ ਲਾਏ ਜਾਣਗੇ ਜਿਸ ਲਈ ਸੰਗਤਾਂ ਨੂੰ ਜਾਗਰੂਕ ਕਰਨ ਲਈ ਮੁਹਿੰਮ ਚਲਾਈ ਜਾਵੇਗੀ। ਇਸ ਤੋਂ ਇਲਾਵਾ ਇਸ ਪ੍ਰਾਜੈਕਟ ਅਧੀਨ ਗੁਰਦੁਆਰਾ ਬੰਗਲਾ ਸਾਹਿਬ ਨੂੰ ਹਰਿਆ-ਭਰਿਆ ਅਤੇ ਵਾਤਾਵਰਣ ਅਨੁਕੂਲ ਬਨਾਉਣ ਦਾ ਪ੍ਰੋਗਰਾਮ ਵੀ ਉਲੀਕਿਆ ਗਿਆ ਹੈ।

ਪੌਦੇ ਲਾਉਣ ਦੀ ਮੁਹਿੰਮ ਨੂੰ ਅੱਗੇ ਤੋਰਨ ਲਈ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਭਗਤ ਪੂਰਨ ਸਿੰਘ ਨਰਸਰੀ ਅਤੇ ਗੁਰਦੁਆਰਾ ਬਾਲਾ ਸਾਹਿਬ ਵਿਖੇ ਭਗਤ ਨਾਮਦੇਵ ਨਰਸਰੀ ਖੋਲ੍ਹੀ ਗਈ ਹੈ ਜਿੱਥੋਂ ਸੰਗਤ ਪੌਦਿਆਂ ਨੂੰ ਪ੍ਰਸ਼ਾਦਿ ਦੇ ਰੂਪ ਵਿੱਚ ਲਿਜਾ ਕੇ ਆਪਣੇ ਘਰਾਂ 'ਚ ਲਾ ਸਕਦੀ ਹੈ। ਤੁਸੀਂ ਵੀ ਇਨ੍ਹਾਂ ਪ੍ਰੋਗਰਾਮਾਂ ਵਿੱਚ ਆਪਣੇ ਦੋਸਤਾਂ-ਮਿੱਤਰਾਂ ਨੂੰ ਨਾਲ ਲੈ ਕੇ ਆਪਣਾ ਹਿੱਸਾ ਪਾ ਸਕਦੇ ਹੋ, ਇਹ ਪੂਰੀ ਕੌਮ ਦਾ ਪ੍ਰਾਜੈਕਟ ਹੈ ਅਤੇ ਇਸ ਕੌਮ ਦੇ ਸਾਰੇ ਮੈਂਬਰਾਂ ਦੇ ਵੀਚਾਰ ਤੇ ਸੇਵਾ ਲੋੜੀਂਦੀ ਹੈ। ■


**ਤਿੰਨ ਅਨਮੋਲ ਪੁਸਤਕਾਂ**

- ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ (ਪ੍ਰੋ. ਤਾਰਾ ਸਿੰਘ)
- ਗੁਰਮਤਿ ਸੰਗੀਤ ਵਿਸ਼ੇਸ਼ ਅੰਕ
- ਸਹਿਜ ਧੁਨ (ਪ੍ਰੋ. ਪਰਮਜੋਤ ਸਿੰਘ)

*ਕੇਵਲ ਸੌ ਰੁਪਏ ਵਿਚ ਡਾਕ ਖਰਚ ਸਮੇਤ - ਅੰਮ੍ਰਿਤ ਕੀਰਤਨ ਟ੍ਰਸਟ, 422, ਸੈਕਟਰ 15 ਏ, ਚੰਡੀਗੜ੍ਹ*



# ਖ਼ਾਲਸੇ ਦੀ 300ਵੀਂ ਵਰ੍ਹੇਗੰਢ ਦਾ ਹੁਣ ਜਸ਼ਨ ਮਨਾਈਏ

**ਭਗਵੰਤ ਸਿੰਘ ਦਲਾਵਰੀ ★**

ਅਪ੍ਰੈਲ ਵਿੱਚ ਲਿਖਿਆ ਸੀ- ਕਾਹਦੀ ਖੁਸ਼ੀ ਮਨਾਈਏ, ਨਾ ਅਸੀਂ ਸੰਤ ਹਾਂ, ਨਾ ਸਿਪਾਹੀ, ਪਰ ਛੇ ਮਹੀਨੇ ਬਾਅਦ ਅਕਤੂਬਰ 1999 ਵਿੱਚ ਜਸ਼ਨ ਮਨਾਣ ਲਗਾ ਹਾਂ, ਇਕ ਖਾਲਸੇ ਨੂੰ ਯਾਦ ਕਰਕੇ ਜਿਹੜਾ ਕਹਿੰਦਾ ਹੈ ਕਿ ਮੈਂ 20 ਸਾਲਾ ਤੋਂ "ਖਾਲਿਸਤਾਨ" ਵਿੱਚ ਰਹਿੰਦਾ ਹਾਂ। ਉਸਦੀ ਆਪਣੀ ਜਬਾਨੀ ਸੁਣੋ-

"5 ਅਕਤੂਬਰ 1979 ਨੂੰ ਮੈਂ ਇੱਥੇ ਆਇਆ ਤੇ 5 ਅਕਤੂਬਰ 1999 ਨੂੰ "ਖਾਲਿਸਤਾਨ" ਵਿੱਚ ਰਹਿੰਦਿਆਂ 20 ਸਾਲ ਹੋਣੇ ਹਨ, ਪਰ ਕਮਾਲ ਇਹ ਹੈ ਕਿ ਇੱਥੇ ਸਭ ਕੁਛ ਖਾਲਸ ਹੈ। "ਗੁਰੂ ਗੋਬਿੰਦ ਸਿੰਘ ਨਿਵਾਸ" ਦੇ ਨਾਂ ਦੀ ਇੱਕ ਬਿਲਡਿੰਗ ਹੈ ਜਿਸ ਵਿੱਚ ਲੂਲੇ-ਲੰਗੜੇ-ਕੋਹੜੇ ਰਹਿੰਦੇ ਹਨ ਪਰ ਉਨ੍ਹਾਂ ਦਾ ਸਭ ਕੁਛ ਖਾਲਸ ਹੈ, ਉਨ੍ਹਾਂ ਦੇ ਵਿਗੜਿਆਂ ਚੇਹਰਿਆਂ ਉੱਤੇ ਹਾਸਾ ਖਾਲਸ, ਉਨ੍ਹਾਂ ਦੇ ਪਿਆਰ ਵਿੱਚ ਪਤਾਸਿਆਂ ਦੀ ਮਿਠਾਸ, ਉਨ੍ਹਾਂ ਦੇ ਜਖਮਾਂ ਦੀ ਪੱਟੀ ਕਰਦਿਆਂ ਗੁਰੂ ਦਾ ਖਾਲਸਾਈ ਮਾਣ ਤੇ ਉਨ੍ਹਾਂ ਨਾਲ ਹਸਦਿਆਂ-ਖੇਡਦਿਆਂ, ਉਨ੍ਹਾਂ ਦੇ ਸੁਖ-ਦੁਖ ਵਿੱਚ ਸ਼ਾਮਲ ਹੁੰਦਿਆਂ (ਖਾਲਸੇ ਦੇ ਰੂਪ ਵਿੱਚ) ਗੁਰੂ ਦਾ ਨਿਵਾਸ ਆਪਣੇ ਵਿੱਚ ਤੱਕਣਾ ਸਭ ਕੁਛ ਖਾਲਸ ਹੈ। ਇੱਥੇ ਕੁਛ ਵੀ ਨਕਲੀ ਨਹੀਂ ਕਿਉਂਕਿ ਗੁਰੂ ਨੇ ਮੈਨੂੰ ਨਕਲੀ ਕੰਮ ਕਰਨ ਲਈ ਭੇਜਿਆ ਹੀ ਨਹੀਂ ਸਗੋਂ ਕਿਹਾ ਸੀ- ਕੋਹੜ ਦੇ ਮਰੀਜਾਂ ਦੇ ਪੈਰਾਂ ਵਿੱਚ ਰਹਿ ਕੇ ਆਪਣਾ ਹੰਕਾਰ ਦਾ ਕੋਹੜ ਦੂਰ ਕਰ ਤੇ ਸਾਰੀ ਮਨੁੱਖ ਜਾਤੀ ਨੂੰ ਖਾਲਸੇ ਦੇ ਅਸੂਲਾਂ ਰਾਹੀਂ ਇੱਕੋ ਜਿਹਾ ਸਮਝ। ਮੇਰਾ ਸੁਭਾਗ ਹੈ ਕਿ ਜਦ ਮੈਂ ਇਸ "ਖਾਲਿਸਤਾਨ" ਵਿੱਚ 20 ਸਾਲ ਪੂਰੇ ਕੀਤੇ ਹਨ ਤੇ ਆਪਣੇ ਗੁਰੂ ਦੇ ਚਰਨਾਂ ਨੂੰ ਚਮੁਟ ਕੇ ਸ਼ੁਕਰ ਕਰ ਰਿਹਾ ਹਾਂ, ਖਾਲਸੇ ਦੀ 300ਵੀਂ ਵਰ੍ਹੇਗੰਢ ਦਾ ਸਾਲ ਵੀ ਚਲ ਰਿਹਾ ਹੈ।"

ਸਚਮੁੱਚ ਅੱਜ ਮੇਰਾ ਜੀਅ ਕਰ ਰਿਹਾ ਹੈ ਕਿ ਮੈਂ ਜਸ਼ਨ ਮਨਾਵਾਂ ਕਿਉਂਕਿ ਜਿਸ ਖਾਲਸੇ ਦਾ ਮੈਂ ਜਿਕਰ ਕੀਤਾ ਹੈ, ਮੇਰਾ ਮਿੱਤਰ ਹੈ ਤੇ ਭਾਵੇਂ ਮੈਂ ਆਪਣੇ ਗੁਨਾਹਾਂ ਤੇ ਭੈੜੀਆਂ ਕਰਤੂਤਾਂ ਕਰਕੇ ਅਮਲੀ ਜੀਵਨ ਨਹੀਂ ਬਣਾ ਸਕਿਆ, ਮੈਨੂੰ ਆਪਣੇ ਮਿੱਤਰ ਤੇ ਗਰਵ ਹੈ ਤੇ ਉਹਦੀ ਹਰ ਗੱਲ, ਉਹਦਾ ਹਰ ਕੰਮ, ਉਹਦੀ ਹਰ ਚਾਲ ਤੇ ਉਹਦੀ ਹਰ ਅਦਾ 1699 ਦੀ ਵਿਸਾਖੀ ਤੇ ਬਣਾਏ ਖਾਲਸੇ ਦੀ ਖੁਸ਼ਬੂ ਦੇਂਦੀ ਹੈ। ਅਪ੍ਰੈਲ 1988 ਦੇ Sikh Review (Calcutta) 'ਚੋਂ ਮੈਂ ਪੜ੍ਹਿਆ ਸੀ ਕਿ ਇੱਕ ਸਿੱਖ ਕੋਹੜੀਆਂ ਦੇ ਵੱਡੇ ਆਸ਼ਰਮ ਵਿੱਚ ਰਹਿੰਦਾ ਹੈ ਤੇ ਉਸ ਆਸ਼ਰਮ ਨੂੰ ਆਪਣਾ "ਖਾਲਿਸਤਾਨ" ਕਹਿੰਦਾ ਹੈ। ਇਹ ਪੜ੍ਹ ਕੇ ਹੀ ਮੈਂ ਉਸ ਨਾਲ ਜਾਣ-ਪਛਾਣ ਬਣਾਈ ਸੀ ਤੇ ਉਹਦੇ ਨੇੜੇ ਹੋ ਗਇਆ ਸੀ। ਉਸ ਮੈਨੂੰ ਦੱਸਿਆ ਸੀ, ਇਉਂ:

"ਜਦ ਮੈਂ ਨੌਕਰੀ ਛਡ ਕੇ 1979 ਵਿੱਚ ਇੱਥੇ ਆਇਆ ਤਾਂ ਭਾਵੇਂ ਮੈਂ ਕੋਹੜ ਬਾਰੇ ਟ੍ਰੇਨਿੰਗ ਲਈ ਸੀ ਕਿ ਕਿਵੇਂ ਕੰਮ ਸ਼ੁਰੂ ਕਰਾਂ, ਮੈਂ ਮਰੀਜਾਂ ਦੇ ਬਿਸਤਰੇ ਝਾੜਨੇ, ਉਨ੍ਹਾਂ ਦੀਆਂ ਬਾਹਵਾਂ-ਲੱਤਾਂ ਘੁਟਣੀਆਂ ਤੇ ਉਨ੍ਹਾਂ ਨਾਲ ਪ੍ਰਭੂ ਪਿਆਰ ਵੰਡਣਾ ਸ਼ੁਰੂ ਕਰ ਦਿੱਤਾ ਤੇ ਮੈਂ ਕਹਿੰਦਾ ਹੁੰਦਾ ਸੀ ਦੇਖੋ-

-ਹਮ ਰੋਗੀ ਨਹੀਂ ਹੈ, ਸਰੀਰ ਰੋਗੀ ਹੈ, ਇਸ ਨੇ ਤੋ ਗਲ ਹੀ ਜਾਨਾ ਹੈ।

-ਪ੍ਰਭੂ ਦਾ ਨਾਮ 24 ਘੰਟੇ ਲੇਨਾ ਹੈ।

-ਖੁਦ ਸੇ ਜੋ ਜਿਆਦਾ ਲਾਚਾਰ ਹੈ, ਉਸਕੀ ਹਮਨੇ ਮਦਦ ਕਰਨੀ ਹੈ।

ਇਥੇ Complex ਵਿੱਚ ਹੀ ਇੱਕ ਹਾਈ ਸਕੂਲ ਤੇ ਦੋ ਪ੍ਰਾਇਮਰੀ ਸਕੂਲ ਹਨ ਤੇ ਸਭ ਬੱਚਿਆਂ ਨਾਲ ਮੇਰਾ ਗੂੜ੍ਹਾ ਪਿਆਰ ਹੋ ਗਇਆ ਹੈ, ਗੁਰੂ ਗ੍ਰੰਥ ਸਾਹਿਬ ਵਿੱਚੋਂ ਪੰਗਤੀ ਰਾਹੀਂ ਮੈਂ ਸਭ ਨੂੰ ਪ੍ਰੇਰਦਾ ਹਾਂ:

*ਆਨੰਦ ਕਰਹੁ ਪ੍ਰਭ ਕੇ ਗੁਣ ਗਾਵਹੁ...* (ਪੰਨਾ 386)

ਹੁਣ ਇਹ ਤੁਕ ਜਿਵੇਂ ਖਾਲਸੇ ਦਾ emblem ਹੀ ਬਣ ਗਿਆ ਹੈ ਤੇ ਜਿੱਥੋਂ ਮੈਂ ਲੰਘਦਾ ਹਾਂ, ਆਪਣੇ ਆਪ ਬੱਚੇ ਬੋਲਣਾ ਸ਼ੁਰੂ ਕਰ ਦੇਂਦੇ ਹਨ।

ਸਚਮੁੱਚ ਮੈਨੂੰ ਇੱਥੇ "ਖਾਲਿਸਤਾਨ" ਹੀ ਜਾਪਣ ਲਗਾ- ਦਿਖਾਵਾ ਨਹੀਂ, ਅੰਦਰੋਂ ਹੋਰ ਬਾਹਰੋਂ ਹੋਰ ਨਹੀਂ, ਪਿਆਰ ਵਿੱਚ ਝਿਜਕ ਨਹੀਂ, ਪਰਉਪਕਾਰ ਵਿੱਚ ਦੇਰ ਨਹੀਂ, ਪ੍ਰਭੂ ਦੀ ਨਿਰੰਤਰ ਯਾਦ ਵਿੱਚ ਢਿੱਲ ਨਹੀਂ। ਜਦ ਕਿਸੇ ਨੇ April 1998 ਵਿੱਚ "ਖਾਲਿਸਤਾਨ" ਦਾ ਲੇਖ ਲਿਖਿਆ ਸੀ ਤਾਂ ਇੱਕੋ ਬੰਦੇ ਨੇ ਕਨੇਡਾ ਤੋਂ ਮੈਨੂੰ 30,000 ਰੁਪਏ ਭੇਜੇ ਸਨ ਸੇਵਾ ਲਈ।"

ਜਦ ਹੁਣ ਮੈਂ ਉਸ ਨੂੰ ਪੁੱਛਿਆ ਕਿ 20 ਸਾਲ ਬਾਅਦ ਤੂੰ ਕੀ ਮਹਿਸੂਸ ਕਰਦਾ ਹੈਂ, ਤਾਂ ਹੱਸ ਕੇ ਕਹਿਣ

★ Tapovan, Amravati - 444 602 (Maharashtra)

ਲੱਗਾ, ਬਸ ਇੱਕੋ ਚਾਉ ਬਾਕੀ ਹੈ ਭਾਵੇਂ ਗੁਰੂ ਨੇ ਗੁਰਬਾਣੀ ਦੀ ਪ੍ਰਤੱਖ ਸਚਾਈ ਮੇਰੇ ਨਿਜੀ ਅਨੁਭਵਾਂ ਰਾਹੀਂ ਦਿਖਾ ਦਿੱਤੀ ਹੈ। ਉਸ ਆਪਣੀ ਬਣਾਈ ਇੱਕ ਨਜ਼ਮ ਸੁਣਾ ਦਿੱਤੀ।

"ਮੇਰੇ ਸਚੇ ਪਾਤਸ਼ਾਹ ਗੁਰੂ ਤੇਗ ਬਹਾਦਰ।
ਬਰਸੋਂ ਸੇ ਸਾਰਾ ਦੇਸ਼ ਕਹੇ ਤੂੰ 'ਹਿੰਦ ਕੀ ਚਾਦਰ'॥
ਆਪ ਕਾ ਹੈ ਸ਼ਹੀਦੀ ਦਿਨ ਆਜ ਰਹਿਮਤ ਕਰ ਦੋ।
ਮੇਰੀ ਕਿਸਮਤ ਮੇਂ ਸ਼ਹੀਦੀ ਕਾ ਵਰਦਾਨ ਲਿਖ ਦੋ।"

ਜਦ ਅੱਜ ਹੀ ਮੈਂ ਸਵੇਰੇ ਹਰਿਮੰਦਰ ਸਾਹਿਬ ਤੋਂ ਰੇਡੀਓ ਤੇ ਕੀਰਤਨ ਸੁਣਦਿਆਂ (4.30 a.m.) ਅੰਮ੍ਰਿਤ ਕੀਰਤਨ ਪੋਥੀ ਵਾਚ ਰਿਹਾ ਸਾਂ, ਤਾਂ ਇੱਕ ਨਿੱਕਾ ਜਿਹਾ ਸ਼ਬਦ ਖਾਲਸਾ ਭਾਵਨਾਵਾਂ ਲੈ ਕੇ ਸਾਹਮਣੇ ਆ ਗਿਆ, ਮੇਰਾ ਧਿਆਨ ਉਸੇ ਖਾਲਸੇ ਵਲ ਚਲਾ ਗਿਆ ਜਿਹੜਾ ਕਹਿੰਦਾ ਹੈ ਸਭ ਕੁਛ ਗੁਰੂ ਨੇ ਕੀਤਾ ਹੈ- ਮੈਂ ਨਾ ਕੁਝ ਹਾਂ, ਨਾ ਕੁਝ ਕਰ ਸਕਦਾ ਹਾਂ, ਨਾ ਹੀ ਕੁਝ ਬਣਨਾ ਹੈ, ਅਹੰਕਾਰ ਕੋਹੜ ਦੂਰ ਕਰਨਾ ਹੈ ਤੇ ਸੱਚ ਲਈ ਸ਼ਹੀਦ ਹੋਣਾ ਹੈ ਬਸ।

"ਹਰਿ ਹਰਿ ਨਾਮੁ ਨਿਧਾਨ ਹੈ
ਗੁਰਮੁਖਿ ਪਾਇਆ ਜਾਇ॥
ਜਿਨ ਧੁਰਿ ਮਸਤਕਿ ਲਿਖਿਆ
ਤਿਨ ਸਤਿਗੁਰ ਮਿਲਿਆ ਆਇ॥
ਤਨੁ ਮਨੁ ਸੀਤਲ ਹੋਇਆ
ਸਾਂਤਿ ਵਸੀ ਮਨ ਆਇ॥
ਨਾਨਕ ਹਰਿ ਹਰਿ ਚਉਦਿਆ
ਸਭ ਦਾਲਦ ਦੁਖ ਲਹਿ ਜਾਇ॥"

(ਪੰਨਾ 1316)

ਯਾਦ ਆ ਗਿਆ ਉਹ ਅੰਮ੍ਰਿਤ ਵੇਲਾ ਜੋ ਮੈਂ ਆਪਣੇ ਖਾਲਸੇ ਮਿੱਤਰ ਨਾਲ ਗੁਜਾਰਿਆ ਸੀ ਤੇ ਇਹੋ ਸ਼ਬਦ ਪੜ੍ਹ ਕੇ ਉਸ ਮੈਨੂੰ ਸਮਝਾਇਆ ਸੀ।

"ਮੇਰੇ ਨਾਲ exactly ਉਂਜ ਹੀ ਹੋਇਆ। ਗੁਰੂ ਦੇ ਆਖੇ ਲਗਣ ਨਾਲ ਹਰੀ ਦੇ ਨਾਮ ਦਾ ਖਜਾਨਾ ਮਿਲਿਆ, indeed ਜਿਨ੍ਹਾਂ ਦੀ ਕਿਸਮਤ ਹੋਵੇ ਉਨ੍ਹਾਂ ਨੂੰ ਸਤਿਗੁਰੂ ਆਪ ਆ ਕੇ ਮਿਲੇ, ਜਿਵੇਂ ਮੇਰੇ ਨਾਲ ਹੋਇਆ। ਤਨ ਮਨ ਤਾਂ ਠੰਡਾ-ਠਾਰ ਹੋਇਆ ਹੀ ਤੇ ਸ਼ਾਂਤੀ ਤਾਂ ਹੋਈ ਹੀ, ਪਰ ਮੈਂ ਪ੍ਰਤੱਖ ਤੱਕਿਆ ਕਿ ਜਿਉਂ-ਜਿਉਂ ਮੈਂ ਨਾਮ ਜਪਦਾ ਹਾਂ, ਮੇਰੇ ਸਾਰੇ ਦੁਖ ਦਰਦ ਮੁਕ ਜਾਂਦੇ ਹਨ।"

ਫਿਰ ਉਸ ਇਹ ਵੀ ਦੱਸਿਆ ਸੀ ਕਿਉਂ ਉਹ ਸਭ ਨੂੰ ਗੁਰੂ ਦੇ ਨਾਂ ਤੇ ਪਿਆਰ ਕਰਦਾ ਹੈ ਤੇ ਗੁਰੂ ਦੇ ਨਾਂ ਤੇ ਹੀ ਮਰੀਜਾਂ ਦੇ ਕੰਮ ਆਉਂਦਾ ਹੈ। ਉਸ ਮੈਨੂੰ ਦੱਸਿਆ ਸੀ ਕਿ ਅੰਮ੍ਰਿਤ ਵੇਲੇ ਹਰਿਮੰਦਰ ਸਾਹਿਬ ਤੋਂ (4 ਤੋਂ 6 ਵਜੇ ਤਕ) ਕੀਰਤਨ ਸੁਣ ਕੇ, ਇੱਕ ਘੰਟਾ ਸੈਰ ਕਰ ਕੇ, ਆਦਮੀਆਂ ਦੇ ਵਾਰਡ ਵਿੱਚ ਪ੍ਰਭੂ ਪਿਆਰ ਵੰਡ ਕੇ, ਕੋਈ ਤਕਲੀਫ ਆਦਿਕ ਪੁਛ ਕੇ, ਘਰ ਮੁੜਦਾ ਹੈ। ਮੈਂ ਵੇਖ ਹੀ ਲਇਆ ਸੀ ਕਿ ਦੋ ਸੁਕੀਆਂ ਰੋਟੀਆਂ ਤੇ ਦਾਲ ਦਾ ਨਾਸ਼ਤਾ ਕਰ ਕੇ ਅੱਧਾ ਕੁ ਘੰਟਾ ਮਰੀਜਾਂ ਦੀਆਂ ਪੱਟੀਆਂ ਕਰਦਾ ਹੈ, ਫਿਰ ਅੰਗਰੇਜ਼ੀ ਵਿੱਚ ਕੋਈ ਦਫਤਰ ਦਾ ਕੰਮ, ਮਰੀਜਾਂ ਨਾਲ ਹਮਦਰਦੀ ਕਰਕੇ, ਬਾਰਾਂ ਵਜੇ ਸੌ ਜਾਂਦਾ ਹੈ ਤੇ (ਉਠ ਕੇ) 10 ਪੰਨੇ ਪੜ੍ਹਦਾ ਹੈ ਗੁਰੂ ਗ੍ਰੰਥ ਸਾਹਿਬ ਦੇ ਜਦੋਂ 2 ਵਜੇ ਉਠਦਾ ਹੈ, ਪਰ ਉਸਦੀ ਆਪਣੀ ਜਬਾਨੀ ਸੁਣੋ-

"ਮੈਨੂੰ ਕੁਝ ਆਉਂਦਾ ਹੀ ਨਹੀਂ, ਮੈਂ ਤਾਂ ਕੇਵਲ ਗੁਰੂ ਦਾ ਪਿਆਰ ਵੰਡਦਾ ਹਾਂ ਤੇ ਗੁਰਬਾਣੀ ਦੀ ਅਸਲੀਅਤ ਅਨੁਭਵ ਕਰਦਾ ਹਾਂ। ਮੈਂ ਤਕ ਲਿਆ ਹੈ ਕਿ ਭਾਵੇਂ ਕਿਧਰੇ ਇਕੱਲਾ ਸਿੱਖ ਵੀ ਹੋਵੇ, ਜੇ ਗੁਰੂ ਦੇ ਹੁਕਮਾਂ ਤੇ ਚਲਣ ਦੀ ਕੋਸ਼ਿਸ਼ ਕਰੇ ਤਾਂ ਉਹ ਵੱਡੀ ਅਖਬਾਰ, ਵੱਡੀ publicity magazine ਬਣ ਜਾਂਦਾ ਹੈ। ਜਦ ਮੈਂ ਇੱਥੇ ਆਇਆ ਸਾਂ, ਮੈਨੂੰ ਕੋਈ ਨਹੀਂ ਜਾਣਦਾ ਸੀ। ਹੁਣ ਆਪਣੇ ਸਿੱਖਾਂ ਤੋਂ ਇਲਾਵਾ ਸਾਰੇ ਭਾਰਤ ਵਿੱਚ ਕਈ ਥਾਵਾਂ ਤੇ ਗੈਰ ਸਿੱਖਾਂ ਦੇ ਘਰਾਂ ਵਿੱਚ, inter-faith meetings ਵਿੱਚ ਗੁਰੂ ਗ੍ਰੰਥ ਸਾਹਿਬ ਦੀਆਂ ਸਾਂਝੀਆਂ ਗੱਲਾਂ ਕਰਦਾ ਹਾਂ। ਹਾਲਾਂਕਿ ਸਿੱਖਾਂ ਵਿੱਚ ਗੁਰੂ ਦੇ ਸਪਸ਼ਟ ਆਦੇਸ਼ ਦੇ ਬਾਵਜੂਦ ਜਾਤ-ਪਾਤ ਦਾ ਕੋਹੜ ਹੈ, ਮੈਂ 'ਨੀਚ ਤੋਂ ਨੀਚ' ਅਖਵਾਣ ਵਾਲੇ ਕੋਹੜ ਦੇ ਮਰੀਜਾਂ ਕੋਲ ਰਹਿੰਦਾ ਹਾਂ, ਪਰ "ਉਚੇ" ਅਖਵਾਣ ਵਾਲੇ ਮਰਾਠੀ ਤੇ ਹੋਰ ਲੋਕਾਂ ਦੇ ਘਰਾਂ ਵਿੱਚ ਰਹਿ ਕੇ ਗੁਰੂ ਦੀ ਗੱਲ ਕਰਦਾ ਹਾਂ ਬੇਧੜਕ ਹੋ ਕੇ।"

ਜਦ ਮੈਂ ਉਹਦੇ ਨਾਲ ਰਿਹਾ ਸੀ, ਮੈਂ ਤੱਕਿਆ ਉਹ ਕਈ ਵਾਰ ਕੱਛੇ-ਬਨੈਣ ਵਿੱਚ ਹੀ ਘਰ ਵਿੱਚ ਵਿਚਰਦਾ ਸੀ ਤੇ ਕਿਰਪਾਨ ਪਾਈ ਹੋਈ ਦਿਸਦੀ ਸੀ, ਆਸ਼ਰਮ ਦੇ ਲੋਕ ਘਰ ਆਉਂਦੇ, ਪਿਆਰ ਕਰਦੇ, ਪਿਆਰ ਲੈਂਦੇ ਪਰ ਕਿਸੇ ਕਕਾਰ ਵੇਖ ਕੇ ਹੈਰਾਨੀ ਨਹੀਂ ਸੀ ਜਤਾਈ। ਸਗੋਂ ਮੈਂ ਵੇਖਿਆ ਸਾਰੇ ਮਹਾਰਾਸ਼ਟਰ 'ਚੋਂ ਲੋਕੀਂ ਜਦੋਂ ਉਸਨੂੰ ਮਿਲਦੇ ਉਹਦੇ ਪੈਰਾਂ ਨੂੰ ਹੱਥ ਲਾਣ ਲਗਦੇ ਤਾਂ ਉਹ ਝਟ

ਪਕੜ ਕੇ ਪਿਆਰ ਨਾਲ ਜੱਫੀ ਪਾ ਲੈਂਦਾ- ਮਾਵਾਂ ਨੂੰ, ਭਰਾਵਾਂ ਨੂੰ, ਭੈਣਾਂ ਨੂੰ, ਬੇਟੀਆਂ ਨੂੰ ਉਹ ਕਹਿੰਦਾ ਸੀ ਤੇ ਮੈਂ ਆਪ ਨੋਟ ਕੀਤਾ ਹੈ ਕਿ ਪਿਆਰ ਵਿੱਚ ਨਾ ਕੋਈ ਜਾਤ ਹੈ, ਨਾ ਧਰਮ ਨਾ ਵਖਰਾਪਨ, ਸਭ ਆਪਣੇ ਹਨ। 1000 ਤੋਂ ਵੱਧ ਲੋਕੀਂ ਰਹਿੰਦੇ ਹਨ, ਸਾਰੇ ਦੇ ਸਾਰੇ ਮੇਰੇ ਮਾਤਾ ਪਿਤਾ ਹਨ, ਭੈਣ ਭਰਾ ਹਨ, ਬੱਚੇ ਹਨ, ਸਭ ਦਾ ਤਨ-ਮਨ ਸੀਤਲ ਕਰਦਾ ਹੈ ਕਿਉਂਕਿ ਉਹਦਾ ਆਪਣਾ ਮਨ ਬਾਣੀ ਨੇ ਸੀਤਲ ਕਰ ਦਿੱਤਾ ਸੀ। ਮੈਨੂੰ ਉਹ ਆਸ਼ਰਮ ਵਿੱਚ ਘੁਮਾਣ ਲੈ ਗਿਆ ਸੀ ਦੋ-ਤਿੰਨ ਵਾਰ ਤੇ ਮੈਂ ਨੋਟ ਕੀਤਾ-

-ਜਿਥੋਂ ਲੰਘ ਜਾਏ, ਪਾਪਾ ਜੀ ਨਮਸਤੇ, ਪਾਪਾ ਜੀ ਨਮਸਤੇ ਦੀਆਂ ਗੂੰਜਾਂ ਪੈਂਦੀਆਂ ਸਨ ਤੇ ਆਪਣੇ ਆਪ ਸ਼ੁਰੂ ਹੋ ਜਾਂਦਾ ਸੀ- ਆਨੰਦ ਕਰਹੁ ਪ੍ਰਭ ਕੇ ਗੁਣ ਗਾਵਹੁ।

-ਜਦੋਂ ਬੁੱਢੇ ਲੋਕਾਂ ਤੇ ਲੂਲ੍ਹੇ-ਲੰਗੜਿਆਂ ਨਾਲ ਭਜਨ ਕਰਦਾ ਸੀ ਤਾਂ ਸਭ ਨੂੰ ਆਪਣੇ ਵਰਗਾ ਸਮਝ ਕੇ ਉਨ੍ਹਾਂ ਨਾਲ ਲਾਡ ਨਾਲ ਵਰਤਦਾ ਸੀ।

-ਟੁੱਟੇ-ਭਜੇ ਹੱਥਾਂ ਨਾਲ ਲੋਕੀਂ ਦਰੀਆਂ ਬੁਣਦੇ, ਹੈਂਡਲੂਮ, ਪਾਵਰਲੂਮ ਚਲਾਂਦੇ, ਫਰਨੀਚਰ ਬਣਾਂਦੇ, ਪ੍ਰੈਸ ਵਿੱਚ ਕੰਮ ਕਰਦੇ ਤੇ ਸਾਰੇ ਆਪਣੇ ਪੈਰਾਂ ਤੇ ਖਲੋਤੇ ਹੋਏ ਮਹਿਸੂਸ ਕਰਦੇ।

-ਜਨਾਨੀਆਂ ਦੇ ਇੱਕ wing ਵਿੱਚ ਜਾਂਦਾ ਤਾਂ ਉਹ ਦੌੜ-ਦੌੜ ਕੇ ਮਿਲਣ ਆਉਂਦੀਆਂ ਤੇ ਕਹੀ ਜਾਂਦੀਆਂ, ਪਾਪਾ ਜੀ ਆਲੇ, ਪਾਪਾ ਜੀ ਆਲ (ਪਾਪਾ ਜੀ ਆ ਗਏ) ਤੇ ਉਨ੍ਹਾਂ ਦੇ ਚਿਹਰਿਆਂ ਤੇ ਅਸਲੀ ਖੇੜਾ ਹੁੰਦਾ।

-ਕਦੇ ਮੈਂ ਹੱਸ ਕੇ ਕਹਿ ਦੇਂਦਾ ਕਿ ਪਾਪਾ ਜੀ ਅਬ ਛੋੜ ਕੇ ਜਾ ਰਹੇ ਹਾਂ, ਬਹੁਤ ਸਾਲ ਹੋ ਗਏ ਹੈਂ ਯਹਾਂ, ਤਾਂ ਉਹ ਦਾਹਵੇ ਨਾਲ ਕਹਿੰਦੀਆਂ- "ਹਮ ਪਾਪਾ ਜੀ ਕੋ ਨਹੀਂ ਜਾਨੇ ਦੇਂਗੇ।

ਇੱਕ ਵਾਰ ਮੈਂ ਤੱਕਿਆ ਕਿ ਉਸ ਕੋਲ ਇੱਕ ਈਸਾਈ ਜਵਾਨ ਮੁੰਡਾ ਰਹਿਣ ਆਇਆ, ਮੈਂ ਥੋੜਾ ਹੈਰਾਨ ਹੋਇਆ, ਪਰ ਉਸ ਮੁੰਡੇ ਨੇ ਮੈਨੂੰ ਦੱਸਿਆ ਕਿ ਇਹ ਮੇਰੇ 'ਪਾਪਾ' ਹਨ "ਏਕ ਬਾਰ ਪਾਪਾ ਜੀ ਹਮਾਰੀ Seminary ਮੇਂ ਆਏ ਥੇ ਏਕ Bishop ਕੇ ਸਾਥ ਤੀਨ ਦਿਨ ਕੇ ਲੀਏ ਔਰ ਪਾਪਾ ਜੀ ਨੇ ਦੋ ਲੈਕਚਰ ਦੀਏ ਥੇ। Father Bishop ਨੇ ਹਮ ਕੋ ਕਹਾ ਥਾ ਕਿ "ਜੋ ਕੁਛ ਮੈਨੇ ਆਪ ਕੋ ਬਤਾਇਆ ਹੈ, ਬੇਸ਼ਕ ਭੂਲ ਜਾਨਾ, ਪਰ ਜੋ ਪਾਪਾ ਜੀ ਨੇ ਕਹਾ ਹੈ ਵੋਹ ਕਭੀ ਨਾ ਭੂਲਨਾ ਔਰ ਆਚਰਣ ਮੇਂ ਲਾਨਾ।" ਬਾਦ ਮੇਂ ਮੈਨੇ ਪਾਪਾ ਜੀ ਕੋ ਚਿੱਠੀ ਲਿਖ ਕੇ ਕਹਾ ਥਾ ਕਿ ਆਪ ਕੇ ਤੋ ਸਭ ਬੱਚੇ ਹੈਂ, ਮੁਝੇ ਭੀ ਬੇਟਾ ਬਨਾ ਲੋ, ਅਬ ਕਈ ਸਾਲੋਂ ਸੇ ਮੈਂ ਭੀ ਇਨਕਾ ਬੇਟਾ ਹੂੰ ਕਿਉਂਕਿ ਇਨ੍ਹੋਂ ਨੇ ਮੁਝੇ ਸਿਖਾਇਆ ਹੈ।

1) ਜ਼ਿੰਦਗੀ ਮੇਂ Jesus ਕਾ ਪਿਆਰ ਬਾਂਟਨਾ ਹੈ ਔਰ ਅੰਦਰ-ਬਾਹਰ ਸੇ ਏਕ ਹੋਨਾ ਹੈ।

2) ਜੋ ਕਹਿਨਾ ਹੈ, ਵੋਹ ਕਰ ਕੇ ਦਿਖਾਨਾ ਹੈ, ਕਰਨੀ-ਕਥਨੀ ਏਕ ਜੈਸੀ ਰਖਨੀ ਹੈ।

3) ਗਰੀਬੀ ਮੇਂ ਜੀਵਨ ਬਿਤਾਨਾ ਹੈ ਔਰ ਸਭ ਕੋ ਪਿਆਰ ਕਰਨਾ ਹੈ।

4) ਸਭ ਧਰਮੋਂ ਕੋ ਪਿਆਰ ਔਰ ਉਨਕਾ ਸਨਮਾਨ ਕਰਨਾ ਹੈ।

5) ਹਰ ਪਲ ਪ੍ਰਭੂ ਕੀ ਹਜ਼ੂਰੀ ਮੇਂ ਰਹਿਨਾ ਹੈ।"

ਬੇਸ਼ਕ ਮੈਂ ਖੁਦ ਤਾਂ ਗੁਰੂ ਦੇ ਹੁਕਮਾਂ ਤੇ ਨਹੀਂ ਚਲਦਾ ਪਰ ਉਸ ਸਿੱਖ ਨਾਲ ਰਹਿ ਕੇ ਉਹਦੀਆਂ ਗੱਲਾਂ ਸੁਣ ਕੇ ਤੇ ਉਸਦੇ ਗੁਰੂ ਗੋਬਿੰਦ ਸਿੰਘ ਦੇ ਖਾਲਸਾ ਹੋ ਨਿਬੜਨ ਦਾ ਚਾਅ ਵੇਖ ਕੇ ਉਹਦੇ ਸੱਦੇ ਤੇ ਮੈਂ ਉਹਨਾਂ ਨਾਲ ਕਲਕੱਤੇ ਚਲਾ ਗਿਆ ਜਿੱਥੇ ਉਨ੍ਹਾਂ ਨੂੰ ਸੰਗਤ ਨੇ ਕੀਰਤਨ ਤੇ ਗੁਰਮਤਿ ਵੀਚਾਰਾਂ ਲਈ ਬੁਲਾਇਆ ਸੀ। ਇੱਕ ਹਫਤੇ ਦਾ hectic programme ਸੀ, ਮੈਂ ਵੇਖਿਆ ਕਿ-

1) ਉਨ੍ਹਾਂ ਨਾਲ ਕੀਰਤਨ ਕਰਨ ਵਾਲੀ ਇੱਕ ਨੇਤ੍ਰਹੀਨ ਬੇਟੀ Tamilnadu ਤੋਂ ਸੀ ਜਿਸਨੂੰ ਉਹ 23 ਸਾਲਾਂ ਤੋਂ ਅਪਣੀ ਪਿਆਰੀ ਗੁਰਮੁਖ ਬੇਟੀ ਮੰਨਦੇ ਹਨ। ਉਹ ਖੱਬੇ ਪਾਸੇ ਬੈਠਦੀ ਤੇ ਪੂਰੇ ਸਹਿਜ ਵਿੱਚ ਬਾਣੀ ਗਾਉਂਦੀ। ਬਲਕਿ ਉਹ ਸਿੱਖ ਕਿਤੇ ਭੁੱਲ ਜਾਂਦਾ ਤਾਂ ਉਸ ਕੋਲੋਂ ਪੁੱਛਦਾ।

2) ਸੱਜੇ ਪਾਸੇ ਇੱਕ ਪੰਜਾਬੀ ਹਿੰਦੂ ਲੜਕੀ ਕੀਰਤਨ ਤੇ ਬੈਠਦੀ ਤੇ ਤਬਲੇ ਬਗੈਰ ਹੀ ਖੂਬ ਰੰਗ ਬਝਦਾ।

3) ਇੱਕ ਪੈਸਾ ਕਿਤੇ ਕਿਸੇ ਤੋਂ ਨਹੀਂ ਸਨ ਲੈਂਦੇ, ਬਲਕਿ ਟਿਕਟਾਂ ਦੇ ਪੈਸੇ ਜਿਥੋਂ ਤਕ ਹੋ ਸਕੇ ਆਪ ਹੀ ਖਰਚਦੇ।

4) ਬਾਣੀ ਦਾ ਸੱਚੋ ਸੱਚ ਤੇ ਸਾਡੀ ਨਿਘਰਦੀ ਹਾਲਤ ਬਾਰੇ ਉਹ ਮੂੰਹ ਤੋਂ ਕਹਿੰਦੇ, ਘੜੀ-ਘੜੀ ਸਾਡੀਆਂ ਕੁਰਹਿਤਾਂ ਤੇ ਸ਼ਰਮਾਣ ਲਈ ਮਜਬੂਰ ਕਰਦੇ।

5) ਵਕਤ ਦੇ ਪੂਰੇ ਪਾਬੰਦ ਅੰਮ੍ਰਿਤ ਵੇਲੇ 4.30 ਤੋਂ ਇੱਕ ਮਿਨਟ ਵੀ ਲੇਟ ਨਾ ਹੁੰਦੇ ਤੇ 6 ਤੋਂ ਪਹਿਲਾਂ ਹੀ ਭੋਗ ਪਾ ਦੇਂਦੇ। ਇਸੇ ਤਰ੍ਹਾਂ ਸ਼ਾਮ ਨੂੰ 6.30 ਤੋਂ 8 ਵਜੇ ਤਕ ਰਹਿਰਾਸ ਸਾਹਿਬ, ਤੇ ਕੀਰਤਨ ਕਰਦੇ।

ਜਦੋਂ ਦਾ "ਅਪ੍ਰੈਲ 1999 ਤਕ ਸਾਰੀ ਕੌਮ ਅੰਮ੍ਰਿਤ ਛਕੋ" ਦੇ ਨਾਹਰੇ ਸ਼ੁਰੂ ਹੋਏ, ਮੈਂ ਉਹਨ੍ਹਾਂ ਨੂੰ ਤੱਕਦਾ, ਉਹਨਾਂ ਦੇ ਲੇਖ ਪੜ੍ਹਦਾ ਤਾਂ ਮਹਿਸੂਸ ਹੁੰਦਾ ਕਿ ਉਹ ਖੁਸ਼ ਨਹੀਂ ਹਨ, ਉਹ ਕਹਿੰਦੇ ਹਨ ਕਿ ਪਹਿਲਾਂ "ਅੰਮ੍ਰਿਤ" ਸਮਝੋ ਤੇ ਫਿਰ ਅੰਮ੍ਰਿਤ ਛਕੋ। ਬਾਹਰ ਦੇ ਅਡੰਬਰਾਂ ਦਾ ਉਨ੍ਹਾਂ ਨੂੰ ਕੋਈ ਸ਼ੌਕ ਨਹੀਂ, ਉਹ ਤਾਂ ਖਾਲਸੇ ਦੇ ਕਿਰਦਾਰ ਦੇ ਹਾਮੀ ਹਨ।

ਪਿਛਲੇ ਕੁਛ ਮਹੀਨਿਆਂ ਵਿੱਚ ਕਈ ਮੁਲਾਕਾਤਾਂ ਵਿੱਚ ਮੈਂ ਖਾਲਸੇ ਦੀ ਤੀਸਰੀ ਸ਼ਤਾਬਦੀ ਬਾਰੇ ਵਿਚਾਰ ਸੁਣੇ ਤੇ ਕਈ ਲੇਖ ਪੜ੍ਹੇ। ਉਹਨਾਂ ਦਾ ਜ਼ੋਰ ਸੀ ਤੇ ਹੈ ਕਿ-

1) ਗੱਲਾਂ ਨਾਲ ਕੁਝ ਨਹੀਂ ਹੁੰਦਾ, ਖਾਲਸੇ ਦੀਆਂ examples ਪੇਸ਼ ਕਰੋ।

2) ਜੋ ਕੁਝ ਗੁਰੂ ਗ੍ਰੰਥ ਸਾਹਿਬ ਨੇ ਖਾਲਸਾ ਬਣਾ ਕੇ ਉਪਦੇਸ਼ ਦਿੱਤੇ ਸਨ ਉਨ੍ਹਾਂ ਤੇ ਚਲੋ ਤੇ ਖਾਸ ਤੌਰ ਤੇ ਜਿਹੜੇ ਆਪਣੇ ਆਪ ਨੂੰ ਧਾਰਮਿਕ, ਰਾਜਨੀਤਕ ਜਾਂ ਸਮਾਜਕ ਸਮਝਦੇ ਹਨ, ਉਹ ਆਪ ਚਲ ਕੇ ਦਿਖਾਣ।

3) 'ਸਿੱਖੀ' ਜਾਂ 'ਖਾਲਸਾ' ਕੋਈ ਭੇਖ ਦੇ ਨਾਮ ਨਹੀਂ ਇਹ ਤਾਂ ਜਾਗਦੀ ਜੀਵਨ ਜਾਚ ਹੈ।

4) ਸੁਖਮਨੀ ਸਾਹਿਬ ਵਿੱਚੋਂ ਹੇਠਲੀਆਂ ਗੱਲਾਂ ਨੋਟ ਕਰੋ:

ੳ) ਜਿਹੜੇ ਲੋਕਲਾਜ ਵਿੱਚ ਫਸ ਕੇ ਗੁਰੂ ਤੋਂ ਬੇਮੁਖ ਹੁੰਦੇ ਹਨ ਉਹ ਪਸ਼ੂ ਦੀ ਨਿਆਈ ਹਨ, ਭਾਵੇਂ ਮਨੁੱਖ ਦਿਸਦੇ ਹਨ।

ਅ) ਜਿਹੜੇ ਗੁਰੂ ਦੇ ਹੁਕਮਾਂ ਤੇ ਚਲਣਾ ਨਹੀਂ ਚਾਹੁੰਦੇ ਤੇ ਉਹ ਕੁਛ ਕਰਦੇ ਹਨ ਜੋ ਗੁਰੂ ਮਨ੍ਹਾ ਕਰਦਾ ਹੈ, ਉਹ ਅੰਦਰੋਂ ਹੋਰ, ਬਾਹਰੋਂ ਹੋਰ ਹਨ ਤੇ lip service ਕਰਦੇ ਹਨ।

ੲ) ਪ੍ਰਭੂ ਜਾਨਣਹਾਰ ਤੇ perfect ਹੈ ਉਹਨੂੰ ਧੋਖਾ ਨਹੀਂ ਦੇ ਸਕਦੇ।

ਸ) ਗੁਰੂ ਨੂੰ ਵਿਤਕਰੇ ਪਸੰਦ ਨਹੀਂ, ਸਾਰੀ ਮਨੁੱਖ ਜਾਤੀ ਨਾਲ ਪਿਆਰ ਕਰੋ।

ਹ) ਸਵਾਸ-ਸਵਾਸ ਸਿਮਰਨ ਕਰਨ ਨਾਲ ਸਭ ਚਿੰਤਾਵਾਂ ਮਿਟ ਜਾਂਦੀਆਂ ਹਨ।

5) ਜਾਤ-ਪਾਤ ਦਾ ਕੋਹੜ ਮੁਕਾਓ। ਜਾਤ-ਪਾਤ ਦੇ ਆਧਾਰ ਤੇ ਗੁਰਦੁਆਰੇ ਬਨਾਣੇ ਬੰਦ ਕਰੋ ਤੇ ਗੁਰਦੁਆਰਿਆਂ ਵਿੱਚ ਸੰਗਮਰਮਰ, ਤੇ ਸੋਨਿਆਂ ਦੇ ਕਲਸ਼ ਲਗਾਣ ਦੀ ਥਾਂ ਹਿਰਦੇ ਵਿੱਚੋਂ ਗੁਰਬਾਣੀ ਦਾ ਅਮਲੀ ਜੀਵਨ ਬਣਾਉ।

6) ਗੁਰਦੁਆਰੇ Commercial House ਬਣ ਗਏ ਹਨ। ਇਤਨੇ ਰੁਪਏ ਦਿਉ ਤਾਂ ਸਰੋਪਾ, ਇਤਨੇ ਰੁਪਏ ਦਿਉ ਤਾਂ ਅਖੰਡ ਪਾਠ ਦਾ ਹੁਕਮਨਾਮਾ, ਇਤਨੇ ਦੇਉ ਤਾਂ ਪਤਾਸੇ ਆਦਿ ਇਹ ਬੰਦ ਕਰਕੇ ਅੰਦਰਲੀ ਸੁਚਤਾ ਉਤੇ ਜੋਰ ਦਿਉ।

7) ਅੰਮ੍ਰਿਤ ਛਕਣ ਦਾ ਮਤਲਬ ਹੈ ਗੁਰੂ ਨੂੰ ਸਿਰ ਵੇਚ ਦੇਣਾ ਤੇ ਫਿਰ ਗੁਰੂ ਦੇ ਹੁਕਮਾਂ ਉਤੇ ਜੀਵਨ ਢਾਲਣਾ, ਇਹੋ ਜਿਹਾ ਜੀਵਨ ਬਣਾਉ।

8) ਪ੍ਰੇਮ ਧਰਮ ਦਾ ਮੂਲ ਹੈ ਤੇ ਸਚ ਇਸ ਦੀ background ਜੇ ਦੋਵੇਂ ਧਰਮ ਵਿੱਚ ਨਹੀਂ ਤਾਂ ਉਸ ਧਰਮ ਵਿੱਚ ਮਾਨਵਤਾ ਨਹੀਂ।

9) ਅੱਖਾਂ ਮੀਟਣਾ, ਲਮਕਾ ਕੇ ਪੜ੍ਹਨਾ, ਤਰਜ਼ਾਂ ਕਢ ਲੈਣੀਆਂ, ਆਚਰਣ ਹੀਨ ਜੀਵਨ ਉਤੇ ਕਲੰਕ ਹਨ, ਨਾ ਕਿ ਧਾਰਮਕ ਸੰਕੇਤ।

ਮੇਰੇ ਬਾਰ-ਬਾਰ ਪੁਛਣ ਤੇ, ਅਤੇ "ਖੁਸ਼ੀ ਕਾਹਦੀ ਮਨਾਈਏ" ਲੇਖ ਵਿੱਚ ਨਿਰਾਸ਼ਾ ਭਰੀ ਆਸ਼ਾ ਦੇਖ ਕੇ ਉਨ੍ਹਾਂ ਮੰਨ ਲਿਆ ਕਿ ਉਹ ਲਿਖ ਭੇਜਣਗੇ ਕਿ ਤਪੋਵਨ ਆਸ਼ਰਮ ਜਿਹੜਾ ਕੋਹੜੀਆਂ ਦੀ ਸੇਵਾ ਵਿੱਚ ਡਾਕਟਰ ਪਟਵਰਧਨ ਨੇ 1950 ਵਿੱਚ ਖੋਲ੍ਹਿਆ ਸੀ ਤੇ ਜਿੱਥੇ ਉਹ 20 ਸਾਲਾਂ ਤੋਂ ਰਹਿੰਦੇ ਹਨ, ਉਸ ਨੂੰ "ਖਾਲਿਸਤਾਨ" ਕਿਉਂ ਤੇ ਕਿਵੇਂ ਕਹਿੰਦੇ ਹਨ। ਲਿਖਦੇ ਨੇ ਸੁਣੋ-

1) "ਖਾਲਸਾ" pure ਤੇ ਸਾਰੀ ਮਨੁੱਖਤਾ ਨੂੰ ਪਿਆਰ ਕਰਨ ਵਾਲੇ ਇਨਸਾਨ ਦਾ ਨਾਮ ਹੈ, ਜਿਸਨੂੰ ਗੁਰੂ ਗੋਬਿੰਦ ਸਿੰਘ ਦੇ ਅੰਮ੍ਰਿਤ ਦਾ ਸੁਆਦ ਗੁਰਬਾਣੀ ਵਿੱਚੋਂ ਹਰ ਵਕਤ ਆਂਦਾ ਹੈ ਤੇ ਉਹ ਸੱਚ ਲਈ ਆਪਣੀ ਜਾਨ ਨਿਛਾਵਰ ਕਰਨ ਲਈ ਤਿਆਰ ਹੈ ਤੇ ਜਦ ਤਕ ਜੀਉਂਦਾ ਹੈ ਉਹ ਨਾਮ-ਬਾਣੀ ਵਿੱਚ ਲੀਨ ਮਨੁੱਖਤਾ ਦੀ ਸੇਵਾ ਕਰਦਾ ਹੈ। ਜਿੱਥੇ ਵੀ ਇਹੋ ਜਿਹਾ ਮਨੁੱਖ ਰਹੇਗਾ ਉਹ ਖਾਲਿਸਤਾਨ ਹੋ ਜਾਵੇਗਾ। ਖਾਲਿਸਤਾਨ ਬੰਦੂਕਾਂ ਨਾਲ ਨਹੀਂ ਬਣਦਾ, ਬਲਕਿ ਗੁਰੂ ਦੀ ਆਗਿਆ ਵਿੱਚ ਰਹਿ ਕੇ ਸਭ ਨਾਲ ਪਿਆਰ ਕਰਕੇ, ਤੇ ਜ਼ੁਲਮ ਦਾ ਸੱਚ

ਤੇ ਪ੍ਰੇਮ ਦੇ ਆਧਾਰ ਤੇ ਟਾਕਰਾ ਕਰਕੇ ਬਣਦਾ ਹੈ, ਨਾਲੇ ਗੁਰੂ ਗੋਬਿੰਦ ਸਿੰਘ ਦਾ ਹੁਕਮ ਹੈ ਕਿ ਜੀਵਨ ਨਾਮ ਵਿੱਚ ਰੰਗਿਆ ਹੋਵੇ, ਜਾਗਤੀ ਜੋਤ ਪੂਰੀ ਤਰ੍ਹਾਂ ਅੰਦਰ ਜਗਦੀ ਹੋਵੇ ਤਾਂ ਬੰਦਾ ਖਾਲਸ ਅਖਵਾ ਸਕਦਾ ਹੈ। ਸੱਚ ਲਈ ਮਰਨ ਤੋਂ ਵੀ ਵਧ ਸੱਚ ਲਈ ਜੀਣਾ ਔਖਾ ਹੈ ਤੇ ਜਿਹੜੇ ਸੱਚ ਲਈ ਜੀਂਦੇ ਹਨ ਉਨ੍ਹਾਂ ਦਾ ਸੱਚ ਲਈ ਮਰਨਾ ਰੰਗ ਲਿਆਂਦਾ ਹੈ। ਆਚਰਣਹੀਨ ਤੇ ਗੁਰਬਾਣੀ ਰਹਿਤ ਖਾਲਸਾ ਨਹੀਂ ਹੁੰਦਾ।

ਮੈਂ ਆਪ ਤਾਂ ਨਿੱਕਾ ਜਿਹਾ ਕੀੜਾ ਹਾਂ ਪਰ ਗੁਰੂ ਦੇ ਹੁਕਮਾਂ ਦੀ ਪ੍ਰਯੋਗਸ਼ਾਲਾ ਹੈ ਤਪੋਵਨ, ਇਸ ਲਈ ਇਹ ਹੈ ਮੇਰਾ ਖਾਲਿਸਤਾਨ।

2) ਖਾਲਿਸਤਾਨ ਵਿੱਚ ਗਰੀਬਾਂ, ਨੀਚਾਂ ਦੀ ਰੱਖਿਆ ਹੁੰਦੀ ਹੈ ਤੇ ਪਿਆਰ ਭਰੀ ਸੇਵਾ ਕਰਨ ਦਾ ਚਾਅ ਉਪਜਦਾ ਹੈ, ਸੋ ਇਹ ਖਾਲਿਸਤਾਨ ਹੈ।

3) ਖਾਲਿਸਤਾਨ ਵਿੱਚ ਊਚ-ਨੀਚ, ਵੱਡਾ-ਛੋਟਾ, ਜਾਤ-ਪਾਤ ਦਾ ਕੋਈ ਸਥਾਨ ਨਹੀਂ। ਮੇਰੇ ਤਪੋਵਨ ਵਿੱਚ ਇਹ ਸਭ ਕੁਛ ਨਹੀਂ ਹੈ, ਸੋ ਇਹ ਮੇਰਾ ਖਾਲਿਸਤਾਨ ਹੈ।

4) ਖਾਲਿਸਤਾਨ ਵਿੱਚ ਬੁਰੇ ਦਾ ਭਲਾ ਕਰਨ ਦੀ ਸੂਝ, ਹੁਕਮ ਮੰਨਣ ਦੀ ਸੂਝ ਤੇ ਖਿਮਾ ਕਰਨ ਦੀ ਸੂਝ ਉਪਜਦੀ ਹੈ, ਮੈਨੂੰ ਇੱਥੇ ਇਹ ਸੂਝ ਮਿਲੀ, ਇਸ ਲਈ ਇਹ ਖਾਲਿਸਤਾਨ ਹੈ ਮੇਰਾ।

5) ਖਾਲਿਸਤਾਨ ਵਿੱਚ ਲੋਕ ਸ਼ਰਾਬਾਂ ਨਹੀਂ ਪੀਂਦੇ, ਜੁਲਮ ਨਹੀਂ ਕਰਦੇ, ਭਰਾ-ਭਤੀਜਾਵਾਦ ਨਹੀਂ, ਦੁਖੀਆਂ ਨੂੰ ਹੋਰ ਦੁਖੀ ਕਰਨ ਦਾ ਰਿਵਾਜ਼ ਨਹੀਂ, ਸੁ ਇਹ ਖਾਲਿਸਤਾਨ ਹੈ।

6) ਖਾਲਿਸਤਾਨ ਵਿੱਚ ਹਲੀਮੀ ਰਾਜ ਹੈ, ਪਿਆਰ ਦਾ ਬੋਲਬਾਲਾ ਹੈ, ਬੇਈਮਾਨੀ ਦੀ ਜਗ੍ਹਾ ਨਹੀਂ- ਸੋ ਇਹ ਖਾਲਿਸਤਾਨ ਹੈ।

7) ਖਾਲਿਸਤਾਨ ਵਿੱਚ ਮਨ ਦਾ ਸੂਤਕ ਲੋਭ ਨਹੀਂ ਹੁੰਦਾ, ਜਬਾਨ ਦਾ ਸੂਤਕ ਝੂਠ ਨਹੀਂ ਹੁੰਦਾ, ਅੱਖਾਂ ਦਾ ਸੂਤਕ ਪਰਾਏ ਮਾਲ, ਤੇ ਪਰਾਈ ਇਸਤ੍ਰੀ ਤੇ ਨਜ਼ਰ ਨਹੀਂ ਹੁੰਦੀ, ਇਸ ਲਈ ਇਹ ਖਾਲਿਸਤਾਨ ਹੈ।

8) ਆਪਣੀ ਪਤਨੀ ਤੋਂ ਇਲਾਵਾ ਸਭ ਇਸਤ੍ਰੀਆਂ- ਮਾਵਾਂ, ਭੈਣਾਂ, ਧੀਆਂ ਹਨ। ਇਸ ਲਈ ਇਹ ਖਾਲਿਸਤਾਨ ਹੈ।

9) ਖਾਲਿਸਤਾਨ ਵਿੱਚ ਆਪਣੇ-ਪਰਾਏ ਦਾ ਵਹਿਮ ਮਿਟ ਜਾਂਦਾ ਹੈ, ਸਭੇ ਸਾਂਝੀਵਾਲ ਹੋ ਜਾਂਦੇ ਹਨ। ਮੈਂ ਇੱਕੋ ਸਿੱਖ ਤੇ ਹਜਾਰਾਂ ਗੈਰਸਿੱਖ, ਪਰ ਸਭ ਮੇਰੇ ਲੋਕ ਹਨ, ਇਸ ਲਈ ਇਹ ਖਾਲਿਸਤਾਨ ਹੈ।

10) ਇਥੇ ਜਿਨ੍ਹਾਂ ਕੰਮਾਂ ਦਾ ਕੋਈ ਫਾਇਦਾ ਨਹੀਂ ਉਹ ਵਿਸਰ ਜਾਂਦੇ ਹਨ ਤੇ ਕੇਵਲ ਸਿਮਰਨ, ਸੇਵਾ ਤੇ ਪਰਸਪਰ ਪਿਆਰ ਪਰਬਲ ਹੈ, ਇਸ ਲਈ ਇਹ ਖਾਲਿਸਤਾਨ ਹੈ।

ਪਰ ਖਾਸ ਤਿੰਨ ਗੱਲਾਂ ਨੋਟ ਕਰਨ ਵਾਲੀਆਂ ਹਨ। ਇਥੋਂ ਮੈਂ ਸਿੱਖਿਆ ਹੈ ਕਿ-

* ਜਦ ਗੁਰੂ ਨੂੰ ਸਿਰ ਵੇਚ ਦੇਈਏ ਤਾਂ ਲੋਕਲਾਜ, ਯਾ ਲੋਕਾਂ ਦੀ ਨਿੰਦਾ-ਉਪਮਾ, ਯਾ ਲੋਕਾਂ ਦੀ ਚਾਪਲੂਸੀ ਵਿੱਚ ਕੋਈ ਧਿਆਨ ਨਹੀਂ ਰਹਿੰਦਾ।

* ਆਪਣੇ ਗੁਨਾਹਾਂ ਨੂੰ ਵੇਖਣ ਦਾ, ਵੇਖ ਕੇ ਸ਼ਰਮਿੰਦਾ ਹੋ ਕੇ ਮਾਫੀ ਮੰਗਣ ਦਾ ਚਾਅ ਉਪਜਦਾ ਹੈ ਅਤੇ,

* ਦੂਜਿਆਂ ਦੇ ਨੁਕਸ ਦੇਖਣ ਨੂੰ ਜੀ ਨਹੀਂ ਕਰਦਾ। ਆਪਣੇ ਤੇ ਆਪਣੀ ਕੌਮ ਦੇ ਘਾਟੇ ਦੂਜਿਆਂ ਦੇ ਮੱਥੇ ਮੜ੍ਹਨ ਦਾ ਜੀ ਨਹੀਂ ਕਰਦਾ।

### ਜਸ਼ਨ ਕਿਉਂ ਮਨਾਈਏ?

ਕਿਉਂਕਿ ਗੁਰੂ ਨੇ ਜੋ ਕੁਝ ਕਿਹਾ ਸੀ, ਮੈਂ ਪ੍ਰਤੱਖ ਰੂਪ ਵਿੱਚ ਸਾਬਤ ਹੁੰਦਾ ਦੇਖਿਆ ਹੈ, ਸਾਨੂੰ ਅਖਬਾਰਾਂ, ਪਤ੍ਰਿਕਾਵਾਂ ਯਾ ਰਸਾਲਿਆਂ ਤੋਂ ਵਧ ਲੋੜ ਹੈ ਜੀਵਨ ਜਾਚ ਖਾਲਸੇ ਵਰਗੀ ਬਨਾਣ ਦੀ। ਅਜੇ ਵੀ ਮੈਂ ਰੁਲਦਾ ਫਿਰਦਾ ਹਾਂ, ਪਰ ਸਿੱਖ ਬਨਣ ਦੀ ਕੋਸ਼ਿਸ਼ ਕਰਦਾ ਹਾਂ, ਇਸ ਵਿੱਚ ਹੀ ਗੁਰੂ ਨੇ ਰਹਿਮਤ ਕਰ ਕੇ ਮੈਨੂੰ ਅਪਨਾਇਆ ਹੈ ਤੇ ਆਪਣੇ ਕੰਮ ਲਾ ਲਿਆ ਹੈ।

ਇਹ ਸਭ ਕੁਛ ਮੈਂ ਉਨ੍ਹਾਂ ਕੁਸ਼ਟ ਰੋਗੀਆਂ ਨੂੰ ਅਰਪਨ ਕਰਦਾ ਹਾਂ ਜਿਨ੍ਹਾਂ ਮੈਨੂੰ ਖਾਲਿਸਤਾਨ ਵਿੱਚ ਰਹਿਣ ਦਾ ਅਨੁਭਵ ਕਰਾਇਆ।

ਤੇਰਾ ਨਾਲਾਇਕ ਮਿੱਤਰ,
ਨੌਕਰ ਪਾਪੀ

**ਕੀ ਆਪਣੇ ਮਿੱਤਰ ਵਾਂਗ ਕਦੇ ਮੈਂ ਵੀ "ਖਾਲਸਾ" ਬਣ ਸਕਾਂਗਾ?** ■

**ਪੁਰਾਣੇ ਮੈਗਜ਼ੀਨ**

'ਅੰਮ੍ਰਿਤ ਕੀਰਤਨ' ਦੇ ਪੁਰਾਣੇ ਅੰਕ ਮੁਫਤ ਪ੍ਰਾਪਤ ਕਰਨ ਲਈ ਲਿਖੋ।
ਅੰਮ੍ਰਿਤ ਕੀਰਤਨ # 422, ਸੈਕਟਰ 15-ਏ, ਚੰਡੀਗੜ੍ਹ

# "ਆਪੇ ਬੀਜਿ ਆਪੇ ਹੀ ਖਾਹੁ"

ਬਬਲੀ ਐਸ. ਸਿੰਘ ★

ਬਾਣੀ ਦੇ ਬੋਹਿਥ, ਦਸਾਂ ਪਾਤਸ਼ਾਹੀਆਂ ਦੀ ਆਤਮਕ ਜੋਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਲਿਖਿਆ ਹਰ ਅਖਰ ਗੂੜੇ ਗਿਆਨ ਨਾਲ ਭਰਪੂਰ ਸਾਨੂੰ ਕੁਝ ਨਾ ਕੁਝ ਸਮਝਾ ਰਿਹਾ ਹੈ ਸਾਡੇ ਬੰਦ ਕਪਾਟ ਖੋਲਦਾ ਹੈ। ਗੁਰਬਾਣੀ ਸਾਨੂੰ ਜੀਵਨ ਜਾਚ ਸਿਖਾਂਦੀ ਹੈ। ਸਾਡੇ ਮਨਾਂ ਵਿੱਚ ਪਏ ਸ਼ਕ, ਅੰਦੇਸ਼ੇ, ਭੁਲੇਖੇ ਤੇ ਭਰਮ ਦੂਰ ਕਰਦੀ ਹੈ।

ਸਾਡਾ ਸਾਰਾ ਜੀਵਨ ਭੁਲੇਖਿਆਂ ਵਿੱਚ, ਇੱਕ ਦੂਜੇ ਨੂੰ ਦੋਸ਼ ਦੇਣ ਵਿੱਚ ਬੀਤ ਜਾਂਦਾ ਹੈ। ਇੱਕ ਪਾਸੇ ਅਸੀਂ ਹਰ ਪਲ ਕਿਸਮਤ ਤੇ ਕਰਮਾਂ ਨੂੰ ਦੋਸ਼ ਦਿੰਦੇ ਰਹਿੰਦੇ ਹਾਂ ਦੂਜੇ ਪਾਸੇ ਹਰ ਵੇਲੇ ਕਿਸੇ ਨਾ ਕਿਸੇ ਨੂੰ ਆਪਣੇ ਦੁਖ ਸੁਖ ਦਾ ਜ਼ਿੰਮੇਵਾਰ ਠਹਿਰਾਈ ਜਾਂਦੇ ਹਾਂ। ਹਰ ਮੁਸ਼ਕਲ ਤੇ ਦੁਖ ਦਾ ਇਲਜਾਮ ਕਿਸੇ ਹੋਰ ਤੇ ਲਗਾਂਦੇ ਹਾਂ। ਪਰ ਧੁਰ ਕੀ ਬਾਣੀ ਪ੍ਰਤੱਖ ਰੂਪ ਵਿੱਚ ਸਾਨੂੰ ਸਮਝਾਂਦੀ ਹੈ ਕਿ ਦੁਖ, ਸੁਖ ਧੁਰੋਂ ਲਿਖੇ ਲੇਖਾਂ ਅਨੁਸਾਰ ਮਿਲਦੇ ਹਨ। ਸਾਡੇ ਕਮਾਏ ਚੰਗੇ ਜਾਂ ਮੰਦੇ ਕਰਮ ਹੀ ਸਾਡੀ ਜ਼ਿੰਦਗੀ ਬਨਾਣ ਜਾਂ ਵਿਗਾੜਨ ਦੇ ਜ਼ਿੰਮੇਵਾਰ ਹਨ।

ਸਾਰੀ ਖੇਡ ਆਪਣੇ ਕਰਮਾਂ ਦੀ ਹੈ। ਹਰ ਕੋਈ ਆਪਣਾ ਹੀ ਕੀਤਾ ਪਾ ਰਿਹਾ ਹੈ। ਕੁਝ ਪਿਛਲੇ ਜਨਮਾਂ ਦੇ ਕਰਮ ਕੁਝ ਹੁਣ ਕਮਾਏ ਜਾ ਰਹੇ ਕਰਮ। ਸਚਾਈ ਇਹੀ ਹੈ ਕਿ ਹਰ ਕੋਈ ਆਪਣਾ ਹੀ ਕੀਤਾ ਭੁਗਤ ਰਿਹਾ ਹੈ। ਸਿਰਫ ਸਮਝਣ ਤੇ ਮੰਨਣ ਦੀ ਲੋੜ ਹੈ। ਜਿਸਨੇ ਸਮਝ ਲਿਆ ਉਸ ਨੂੰ ਸੋਝੀ ਆ ਗਈ ਸਬਰ ਤੇ ਸੰਤੁਸ਼ਟੀ ਆ ਗਈ ਤੇ ਜਿੰਦਗੀ ਸੌਖੀ ਹੋ ਗਈ। ਪਰ ਜਿਨ੍ਹਾਂ ਨਹੀਂ ਸਮਝਿਆ, ਉਹ ਫਿਰ ......., ਕੁਰਲਾਂਦੇ ਦੋਸ਼ ਦਿੰਦੇ ਈਰਖਾ ਦੀ ਅਗਨੀ ਵਿੱਚ ਤਪਦੀ ਹੋਈ ਜ਼ਿੰਦਗੀ ਗੁਜਾਰਦੇ ਹਨ।

ਆਉ ਗੁਰਬਾਣੀ ਤੋਂ ਕਰਮਾਂ ਦਾ ਜ਼ਿੰਦਗੀ ਵਿੱਚ ਅਹਿਮ ਰੋਲ ਜਾਣੀਏ।

*ਦਦੈ ਦੋਸ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥*
*ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰਜਨਾਂ*

(ਪੰਨਾ 433)

ਗੁਰੂ ਮਹਾਰਾਜ ਫੁਰਮਾਉਂਦੇ ਹਨ- ਕਿਉਂ ਦੂਜਿਆਂ ਨੂੰ ਦੋਸ਼ ਦਿੰਦਿਆਂ ਇਤਨੀ ਕੀਮਤੀ ਮਨੁੱਖਾ ਜੂਨ ਗਵਾਂਦੇ ਹੋ ਜਦੋਂ ਕਿ-

*ਦੋਸ ਨ ਦੀਜੈ ਕਾਹੂ ਲੋਗ*
*ਜੋ ਕਮਾਵਨ ਸੋਈ ਭੋਗ॥*
*ਆਪਨ ਕਰਮ ਆਪੇ ਹੀ ਬੰਧ*
*ਆਵਨ ਜਾਵਨੁ ਮਾਇਆ ਧੰਧ॥*

(ਪੰਨਾ 888)

ਅਸੀਂ ਆਪਣਾ ਕੀਤਾ ਹਰ ਪਲ ਪਾ ਰਹੇ ਹਾਂ ਫਿਰ ਦੋਸ਼ ਦਿੰਦਿਆਂ ਹੋਰ ਮਾੜੇ ਕਰਮ ਕਮਾਂਦਿਆਂ ਕਿਉਂ ਆਪਣਾ ਅਗਲਾ ਸਮਾਂ ਵੀ ਬਰਬਾਦ ਕਰੀਏ ਜਦੋਂ ਕਿ ਪਤਾ ਹੈ:

*ਹਥ ਮਰੋੜੈ ਤਨ ਕੰਪੇ ਸਿਆਹਹੁ ਹੋਆ ਸੇਤੁ।*
*ਜੇਹਾ ਬੀਜੈ ਸੋ ਲੁਣੈ ਕਰਮਾਂ ਸੰਦੜਾ ਖੇਤੁ॥*

(ਪੰਨਾ 134)

ਫਿਰ ਕਿਉਂ ਨ ਚੰਗੇ ਕਰਮਾਂ ਦੇ ਬੀਜ ਬੋਈਏ ਤਾਂ ਜੋ ਆਣ ਵਾਲਾ ਜੀਵਨ ਸੋਹਣਾ ਹੋਏ।

*ਜੈਸਾ ਕਰੇ ਸੁ ਤੈਸਾ ਪਾਵੈ*
*ਆਪਿ ਬੀਜਿ ਆਪੇ ਹੀ ਖਾਵੈ*

(ਪੰਨਾ 662)

ਇਹ ਸੰਸਾਰ ਕਰਮ ਭੂਮੀ ਹੈ, ਜੈਸਾ ਬੀਜ ਬੋਇਆ ਤੈਸਾ ਹੀ ਕਟਿਆ॥ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿੱਚ ਲਿਖਿਆ ਹੈ-

*ਆਪੇ ਬੀਜਿ ਆਪੇ ਹੀ ਖਾਹੁ*
*ਨਾਨਕ ਹੁਕਮੀ ਆਵਹੁ ਜਾਇ॥*

ਫਿਰ ਮਾੜਾ ਕਿਉਂ ਬੀਜੀਐ! ਕਿਸੇ ਦਾ ਮਾੜਾ ਕਰਨਾ ਮਾੜਾ ਸੋਚਣਾ ਵੀ ਮਾੜੇ ਕਰਮ ਹਨ-

ਜ਼ਿੰਦਗੀ ਵਿੱਚ ਜਦੋਂ ਕਿਸੇ ਦਾ ਮਾੜਾ ਕਰਾਂਗੇ ਕਿਸੇ ਨ ਕਿਸੇ ਰੂਪ ਵਿੱਚ ਮਾੜਾ ਫਲ ਮਿਲੇਗਾ ਹੀ ਮਿਲੇਗਾ। ਚੰਗਾ ਕਰਮ ਚੰਗਿਆਈ ਲਿਆਂਦਾ ਹੈ। ਪਰ ਕੋਈ ਵੀ ਚੰਗਾ ਕਰਮ ਕਰਨ ਤੋਂ ਬਾਦ ਫਲ ਦੀ ਆਸ ਨਹੀਂ ਰੱਖਣੀ ਚਾਹੀਦੀ। ਫਿਰ ਤਾਂ ਕਰਮ ਵਿਅਰਥ ਗਿਆ। ਚੰਗਾ ਕਰਮ ਮਨ ਨੂੰ ਸ਼ਾਂਤੀ ਦੇ ਦਿੰਦਾ ਹੈ ਤੇ ਸਭ ਕੁਝ ਉਸੇ ਵਿੱਚ ਮਿਲ ਜਾਂਦਾ ਹੈ। ਚੰਗਿਆਈ ਸਾਡੇ ਸੁਭਾਅ, ਸਾਡੀ ਜ਼ਿੰਦਗੀ ਦਾ ਇਕ ਅੰਗ ਹੋਣੀ ਚਾਹੀਦੀ ਹੈ।

ਸਾਡੀ ਜ਼ਿੰਦਗੀ ਦਾ ਹਰ ਪਲ ਉਸਦੇ ਹੁਕਮ ਅਨੁਸਾਰ ਬੀਤ ਰਿਹਾ ਹੈ। ਕਹਿੰਦੇ ਹਨ ਹੁਕਮ ਬਿਨਾਂ ਪੱਤਾ ਵੀ

★ 35/1ਬੀ ਮਾਡਲ ਗਰਾਮ, ਲੁਧਿਆਣਾ

ਨਹੀਂ ਹਿਲਦਾ। ਸਾਡੇ ਮਸਤਕ ਤੇ ਲਿਖੇ ਲੇਖਾਂ ਦੇ ਅਨੁਸਾਰ ਹਰ ਪਲ ਬੀਤ ਰਿਹਾ ਹੈ। ਫਿਰ ਮੈਂ ਤੂੰ ਜਾਂ ਕੋਈ ਹੋਰ ਕਿਵੇਂ ਕੁਝ ਕਰਨ, ਕਰਾਨ ਵਾਲੇ ਬਣ ਸਕਦੇ ਹਨ ਫਿਰ ਦੂਜੇ ਨੂੰ ਦੋਸ਼ ਕਿਉਂ ਦਿੰਦੇ ਹਾਂ ਕਮਾਏ ਜਦੋਂ ਕਿ ਸਤਿਗੁਰੂ ਸਾਨੂੰ ਖੁਲ੍ਹੇ ਲਫਜਾਂ ਵਿੱਚ ਸਮਝਾਇਆ ਹੈ-

*ਦਿਨ ਰੈਨਿ ਅਪਨਾ ਕੀਆ ਪਾਈ*
*ਕਿਸੁ ਦੋਸੁ ਨ ਦੀਜੈ ਕਿਰਤੁ ਭਵਾਈ*

(ਪੰਨਾ 745)

ਤੇ ਫਿਰ-

*ਮਸਤਕਿ ਲਿਖਿਅੜਾ ਲੇਖੁ ਪੁਰਬਿ ਕਮਾਇਆ ਜੀਉ॥*

(ਪੰਨਾ 689)

ਸੁੱਖਾਂ ਤੇ ਦੁੱਖਾਂ ਦੀ ਇਹ ਖੇਡ ਸਾਡੇ ਪੁਰਬਲੇ ਕਰਮਾਂ ਦੇ ਆਧਾਰ ਤੇ ਬਣਦੀ ਹੈ।

*ਸੁਖ ਦੁਖੁ ਪੁਰਬ ਜਨਮ ਕੇ ਕੀਏ*
*ਸੋ ਜਾਣੈ ਜਿਨਿ ਦਾਤੈ ਦੀਏ॥*
*ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ*
*ਸਹੁ ਆਪਣਾ ਕੀਆ ਕਰਾਰਾ ਹੇ॥*

(ਪੰਨਾ 1030)

ਸਰਬ ਸ਼ਕਤੀਮਾਨ ਨੇ ਤਾਂ ਹਰ ਪਲ ਦੇ ਕਰਮਾਂ ਦਾ ਲੇਖਾ ਜੋਖਾ ਰੱਖਣਾ ਹੈ ਤੇ ਸਾਨੂੰ ਹਰ ਪਲ ਦਾ ਲੇਖਾ ਦੇਣਾ ਪੈਣਾ ਹੈ। ਅਸੀਂ ਕਹਿੰਦੇ ਤਾਂ ਹਾਂ ਕਿ ਸਮਝ ਨਹੀਂ ਆਉਂਦੀ ਕਿ ਪਤਾ ਨਹੀਂ ਸਾਨੂੰ ਰਬ ਦੁਖ ਕਿਉਂ ਦੇ ਰਿਹਾ ਹੈ ਅਸੀਂ ਤਾਂ ਕਦੀ ਕਿਸੇ ਦਾ ਬੁਰਾ ਨਹੀਂ ਕੀਤਾ ਫਿਰ ਕਾਹਦੀ ਸਜਾ ਮਿਲ ਰਹੀ ਹੈ ਪਰ ਸਿਰਜਣਹਾਰ ਝੂਠੇ ਲੇਖ ਨਹੀਂ ਲਿਖਦਾ। ਉਸਦੀ ਨਿਆਂ ਦੀ ਤੱਕੜੀ ਠੀਕ ਤੇ ਪੂਰਾ-ਪੂਰਾ ਤੋਲਦੀ ਹੈ।

*ਨਾਨਕ ਆਖੈ ਰੇ ਮਨਾ ਸੁਣੀਐ ਸਿਖ ਸਹੀ*
*ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥*

ਭਾਵੇਂ ਕਿੰਨਾ ਹੀ ਅੰਦਰ ਵੜ ਕੇ ਕੁਕਰਮ ਕਰ ਲਈਏ, ਸਭ ਤੋਂ ਛੁਪਾ ਲਈਏ, ਪਰ ਉਸ ਪ੍ਰਭੂ ਤੋਂ ਨਹੀਂ ਛੁਪਾ ਸਕਾਂਗੇ ਕਿਉਂਕਿ-

ਦੇਇ ਕਿਵਾੜ ਅਨਿਕ ਪੜਦੇ ਮਹਿ
ਪਰ ਦਾਰਾ ਸੰਗਿ ਫਾਕੇ
ਚਿਤ੍ਰ ਗੁਪਤੁ ਜਬ ਲੇਖਾ ਮਾਗਹਿ
ਤਬ ਕਉਣ ਪੜਦਾ ਤੇਰਾ ਢਾਕਹਿ॥

(ਪੰਨਾ 616)

ਤੇ ਗੁਰੂ ਸਾਹਿਬ ਨੇ ਕਿਹਾ ਹੈ-

*ਤੂੰ ਵਲਵੰਚ ਲੂਕਿ ਕਰਹਿ ਸਭ ਜਾਣੈ ਜਾਣੀ ਰਾਮ॥*
*ਲੇਖਾ ਧਰਮ ਭਇਆ ਤਿਲ ਪੀੜੇ ਘਾਣੀ ਰਾਮ॥*

(ਪੰਨਾ 546)

ਮੋਹ ਝੂਠੇ ਹਨ ਪਰ ਫਿਰ ਵੀ ਅਸੀਂ ਮੋਹ ਵਿੱਚ ਫਸੇ ਕਈ ਕਰਮ ਕਮਾਂਦੇ ਹਾਂ। ਆਪਣਿਆਂ ਦਾ ਮੋਹ, ਆਪਣਿਆਂ ਦੇ ਫਾਇਦੇ ਲਈ ਦੂਜਿਆਂ ਨੂੰ ਨੁਕਸਾਨ ਪੁਚਾਣਾ ਗੁਨਾਹ ਕਮਾਏ ਉਸਨੂੰ ਬਚਾਣ ਲਈ ਕਿਸੇ ਬੇਕਸੂਰ ਨੂੰ ਇਲਜਾਮ ਲਗਾਣਾ।

ਜਦੋਂ ਕਾਮ ਕ੍ਰੋਧ ਲੋਭ ਮੋਹ ਹੰਕਾਰ ਪੰਜ ਸ਼ੈਤਾਨਾਂ ਵਿੱਚ ਕੋਈ ਸ਼ੈਤਾਨ ਸਾਡੇ ਤੇ ਹਾਵੀ ਹੋ ਜਾਵੇ ਉਦੋਂ ਹੀ ਮਾੜਾ ਕਰਮ ਕਮਾਇਆ ਜਾਂਦਾ ਹੈ। ਕਾਮ ਸੰਸਾਰ ਨੂੰ ਚਲਦਾ ਰਖਣ ਲਈ ਜਰੂਰੀ ਹੈ ਪਰ ਜਦੋਂ ਕਾਮ ਵਾਸਨਾ ਗਲਤ ਹੋ ਜਾਂਦੀ ਹੈ ਤਾਂ ਸ਼ੈਤਾਨ ਮਾੜੇ ਕਰਮ ਕਰਵਾਂਦਾ ਹੈ ਕ੍ਰੋਧ ਤਾਂ ਹੈ ਹੀ ਚੰਡਾਲ। ਚੰਗੇ ਤੋਂ ਚੰਗਾ ਮਨੁੱਖ ਵੀ ਕ੍ਰੋਧ ਚੰਡਾਲ ਦੇ ਵਸ ਪੈ ਕੇ ਗਲਤ ਕੰਮ ਕਰ ਜਾਂਦਾ ਹੈ। ਵੀ ਕ੍ਰੋਧ ਤੇ ਹੰਕਾਰ ਦੋਨੋ ਹੀ ਚੰਗੇ ਭਲੇ ਮਨੁੱਖ ਨੂੰ ਅੰਨ੍ਹਾ ਕਰ ਦਿੰਦੇ ਹਨ। ਤਾਂ ਹੀ ਤਾਂ ਗੁਰੂ ਮਹਾਰਾਜ ਨੇ ਕਿਹਾ ਹੈ "ਕਾਮ ਕ੍ਰੋਧ ਤਨ ਵਸਹਿ ਚੰਡਾਲ ਧਾਣਕ ਰੂਪ ਰਹਾਂ ਕਰਤਾਰ॥" ਲੋਭ ਮਾੜਾ ਹੈ। ਲੋਭ ਵਿੱਚ ਆਕੇ ਇਨਸਾਨ ਦੂਜਿਆਂ ਨੂੰ ਨੁਕਸਾਨ ਪੁਚਾਂਦਾ ਹੈ, ਬੁਰਾ ਕਮਾਂਦਾ ਹੈ। ਇਹ ਵੀ ਮਿਲ ਜਾਏ, ਉਹ ਵੀ ਮੇਰਾ ਹੋ ਜਾਏ, ਇਹੀ ਲੋਭ ਸਾਨੂੰ ਪਾਪ ਵਲ ਖਿਚਦਾ ਹੈ। ਲੋਭ ਬਾਰੇ ਗੁਰੂ ਜੀ ਕਹਿੰਦੇ ਨੇ-

*ਆਪਣਾ ਕੀਤਾ ਆਪੇ ਪਾਵੈ*

ਤੇ ਅੱਗੇ ਦੇਖੋ ਕੀ ਕਹਿੰਦੇ ਹਨ-

*ਕਾਮ ਕ੍ਰੋਧਿ ਲੋਭ ਮੋਹਿ ਬਾਧਾ*
*ਮਹਾ ਗਰਤ ਮਹਿ ਨਿਘਰਤ ਜਾਤਾ॥*

ਮੋਹ ਤੇ ਹੰਕਾਰ ਤਾਂ ਲੈ ਹੀ ਡੁੱਬਦਾ ਹੈ ਬੰਦੇ ਨੂੰ। ਵਡੇ-ਵਡੇ ਰਾਜੇ, ਰਾਣੇ, ਤਪਸਵੀ, ਦੇਵਤੇ ਸਭ ਨੂੰ ਜਦੋਂ ਹੰਕਾਰ ਆਇਆ ਖਿਨ ਵਿੱਚ ਮਿਟ ਗਏ। ਪ੍ਰਭੂ ਨੂੰ ਹੰਕਾਰ ਨਹੀਂ ਭਾਂਵਦਾ-

*ਜੇ ਕੋ ਬਹੁਤ ਕਰੇ ਅਹੰਕਾਰ।*
*ਓਹ ਖਿਨ ਮਹਿ ਰੁਲਦਾ ਖਾਕੂ ਨਾਨਿ॥*

(ਪੰਨਾ 868)

ਜਦੋਂ ਬੰਦਾ ਮਾੜੇ ਕਰਮ ਕਰਦਾ ਹੈ ਹੰਕਾਰ ਨਾਲ ਭਰਿਆ ਹੋਇਆ ਉਹ ਆਪਣੇ ਆਪ ਨੂੰ ਜੇਤੂ ਸਮਝਦਾ

ਹੈ। ਝੂਠੇ ਗੁਮਾਨ ਵਿੱਚ ਭੁਲ ਜਾਂਦਾ ਹੈ ਕਿ ਪ੍ਰਮਾਤਮਾ ਲੇਖ ਲਿਖ ਰਿਹਾ ਹੈ ਪਰ ਜਦੋਂ ਲੇਖੇ ਦੇਣੇ ਪੈਂਦੇ ਹਨ ਤਾਂ ਫਿਰ ਬਿਲਲਾਂਦਾ ਹੈ ਕੁਰਲਾਂਦਾ ਹੈ ਤੇ ਫਿਰ ਕੋਈ ਉਸਦਾ ਸਾਥ ਨਹੀਂ ਦਿੰਦਾ।

ਆਪਣੇ ਮਾੜੇ ਕਰਮਾਂ ਕਾਰਣ ਅਸੀਂ ਪ੍ਰਭੂ ਤੋਂ ਵਿਛੜੇ ਭਟਕ ਰਹੇ ਹਾਂ ਦੁਖ ਪਾ ਰਹੇ ਹਾਂ।

*ਆਪ ਕਮਾਣੈ ਵਿਛੁੜੀ ਦੋਸੁ ਨ ਕਾਹੂ ਦੇਣ .*
*ਕਰਿ ਕਿਰਪਾ ਪ੍ਰਭ ਰਾਖਿ ਲੇਹੁ ਹੋਰੁ ਨਾਹੀ ਕਰਣ-ਕਰੇਣ*

(ਪੰਨਾ 136)

ਬਾਹਰੋਂ ਅਸੀਂ ਕਿੰਨੇ ਵੀ ਚੰਗੇ ਬਣ ਬਣ ਬਹੀਏ ਪਰ ਸਾਡੇ ਅੰਦਰ ਜੋ ਕਪਟ ਭਰਿਆ ਹੈ ਜੋ ਮਾੜੇ ਕਰਮ ਕਰਵਾ ਰਿਹਾ ਹੈ ਉਹੀ ਫਿਰ ਦੁਖ ਲਿਆਂਦਾ ਹੈ- ਬੀਜਿਆ ਕੱਟਣਾ ਪੈਂਦਾ ਹੈ-

*ਬਾਹਰਿ ਪਾਖੰਡ ਸਭ ਕਰਮ ਕਰਹਿ*
*ਮਨ ਹਿਰਦੈ ਕਪਟ ਕਮਾਇ॥*
*ਖੇਤਿ ਸਰੀਰ ਜੋ ਬੀਜੀਐ*
*ਸੋ ਅੰਤਿ ਖਲੋਆ ਆਇ॥*

(ਪੰਨਾ 1417)

ਸੋ ਆਉ ਇਸ ਸਚਾਈ ਨੂੰ ਮੰਨ ਲਈਏ ਕਿ ਸਾਡੀ ਜ਼ਿੰਦਗੀ ਦੇ ਸੁਖ-ਦੁਖ, ਖੁਸ਼ੀ-ਗਮੀ ਸਾਡੇ ਆਪਣੇ ਹੀ ਕਰਮਾਂ ਦੇ ਫਲ ਹਨ। ਕਿਸੇ ਦੂਜੇ ਦਾ ਇਸ ਵਿੱਚ ਰਤੀ ਭਰ ਦੋਸ਼ ਨਹੀਂ ਕਿਉਂਕਿ-

*ਮਾਰੈ ਰਾਖੈ ਏਕੋ ਆਪਿ ਮਨੁਖ ਕੈ ਕਿਛੁ ਨਾਹੀ ਹਾਥਿ॥*

(ਸੁਖਮਨੀ ਸਾਹਿਬ)

ਤੇ ਫਿਰ-

*ਮਨ ਮੂਰਖ ਕਾਹੇ ਬਿਲਲਾਈਐ*
*ਪੁਰਬ ਲਿਖੇ ਕਾ ਲਿਖਿਆ ਪਾਈਐ॥*

(ਸੁਖਮਨੀ ਸਾਹਿਬ)

ਇਸ ਸਚਾਈ ਨੂੰ ਮੰਨਦਿਆਂ ਕਿ-

*ਦਿਨ ਰਾਤਿ ਕਮਾਇਦੜੋ ਸੋ ਆਇਓ ਮਾਥੈ*
*ਜਿਸੁ ਪਾਸਿ ਲੁਕਾਇਦੜੋ ਸੋ ਵੇਖੀ ਸਾਥੈ॥*

(ਪੰਨਾ 464)

ਸਤਿਗੁਰੂ ਕੋਲੋਂ ਮਾਫੀ ਮੰਗਦਿਆਂ ਅਰਜੋਈ ਕਰੀਏ-

*ਕਾਮ ਕ੍ਰੋਧ ਲੋਭ ਝੂਠ ਨਿੰਦਾ*
*ਇਨ ਤੇ ਆਪਿ ਛਡਾਵਹੁ॥*
*ਇਹ ਭੀਤਰਿ ਤੇ ਇਨ ਕਉ ਡਾਰਹੁ*
*ਆਪਨ ਨਿਕਟਿ ਬੁਲਾਵਹੁ॥*

(ਪੰਨਾ 461)

ਕੋਸ਼ਿਸ਼ ਕਰੀਏ ਕਿ ਇਹ ਹੀਰੇ ਵਰਗੀ ਮਨੁਖੀ ਜੂਨ ਨੂੰ ਅਜਾਈਂ ਨਾ ਗਵਾਈਏ। ਬਲਕਿ ਸੋਹਣੇ ਕਰਮ ਕਰਦਿਆਂ ਜ਼ਿੰਦਗੀ ਗੁਜ਼ਾਰੀਏ! ■


**ਸਾਡਾ ਵਿਰਸਾ ਸਾਡਾ ਗੌਰਵ**
(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)
ਮਾਡਲ ਟਾਊਨ ਐਕਸਟੈਨਸ਼ਨ,
ਲੁਧਿਆਣਾ - 141 002

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ
**ਗੁਰਸਿੱਖ ਸੰਜੋਗ**
(ਪੰਦਰਾ-ਰੋਜ਼ਾ ਪੱਤਰ)
ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ
ਪੂਸਾ ਰੋਡ, ਨਵੀਂ ਦਿੱਲੀ 110 060
ਫੋਨ: 5735955

With compliments from

Wing Commander
HARJIT SINGH ANAND
DGM (Manitenance)

**TELEPHONE CABLES LIMITED**

Works : Plot A-30, Phase VII, Ind. Area, MOHALI Phones : 671910, 679768, 672230
Regd. Off.:S.C.O. 68-70, Sector 17-C, Chandigarh Phones : 704368, 702720, 709581
Fax : 91-172-704118 Telex : 395-7262 TCPL IN

# ਪੰਜਾਬ ਦੇ ਲੋਕ ਸਾਜ਼

ਪ੍ਰੋ. ਅਨਿਲ ਨਰੂਲਾ ★

## ਇੱਕ ਤਾਰਾ (ਤੂੰਬੀ)

ਇੱਕ ਤਾਰਾ ਅਤਿ ਪ੍ਰਾਚੀਨ ਕਾਲ ਦਾ ਸਾਜ਼ ਹੈ। ਪ੍ਰਾਚੀਨ ਕਾਲ ਤੋਂ ਲੈ ਕੇ ਹੁਣ ਤੱਕ ਇਹ ਸਾਧੂ ਸੰਤਾਂ ਦਾ ਸਾਜ਼ ਰਿਹਾ ਹੈ। ਸਾਧੂ ਸੰਤ ਇਸ ਦੇ ਨਾਲ 'ਓਮ ਨਮੋ' ਦਾ ਜਾਪ ਕਰਦੇ ਸਨ। ਅਰਥਾਤ ਇਹ ਮੋਖ ਪ੍ਰਾਪਤੀ ਦਾ ਸਾਧਨ ਬਣਿਆ ਰਿਹਾ ਹੈ। ਇਸ ਦੀ ਉਦਾਹਰਣ ਮੀਰਾ ਬਾਈ ਸਾਡੇ ਸਾਹਮਣੇ ਹੈ। ਮੀਰਾ ਬਾਈ ਨੇ ਇੱਕ ਤਾਰੇ ਦੇ ਨਾਲ ਭਜਨ ਕਰਦੇ ਹੋਏ ਭਗਵਾਨ ਕ੍ਰਿਸ਼ਨ ਨੂੰ ਪਾਇਆ।




ਪ੍ਰਾਚੀਨ ਕਾਲ ਵਿੱਚ ਸ਼ਾਸਤਰੀ ਸੰਗੀਤ ਦਾ ਅਭਿਆਸ ਕਰਨ ਲਈ ਇੱਕ ਤਾਰੇ ਦਾ ਪ੍ਰਯੋਗ ਹੁੰਦਾ ਸੀ। ਵਿਦਵਾਨ ਲੋਕ ਇਸ ਨੂੰ ਆਪਣੇ ਸੁਰ ਤੇ ਮਿਲਾ ਕੇ 'ਸਾ ਰੇ ਗਾ ਮਾ ਪਾ ਧਾ ਨੀ ਸਾਂ' ਸਰਗਮ ਦਾ ਅਭਿਆਸ ਕਰਦੇ ਸਨ।

ਹੌਲੀ ਹੌਲੀ ਇਸ ਸਾਜ਼ ਨੇ ਤਰੱਕੀ ਕੀਤੀ ਤੇ ਇਹ ਲੋਕ ਗੀਤਾਂ ਵਿੱਚ ਵੀ ਪ੍ਰਯੋਗ ਹੋਣ ਲੱਗਾ। ਇਸ ਦੇ ਆਕਾਰ ਵਿੱਚ ਲੋੜ ਅਨੁਸਾਰ ਤਬਦੀਲੀ ਕੀਤੀ ਗਈ। ਸ਼ਾਸਤਰੀ ਗਾਇਨ ਵਿੱਚ ਇਸ ਦੇ ਆਕਾਰ ਅਤੇ ਤਾਰਾਂ ਨੂੰ ਵਧਾ ਕੇ ਤਾਨਪੁਰੇ ਦੀ ਸ਼ਕਲ ਦਿੱਤੀ ਗਈ। ਦੂਜੇ ਪਾਸੇ ਇਸ ਦੇ ਆਕਾਰ ਨੂੰ ਛੋਟਾ ਕਰਕੇ ਤੂੰਬੀ ਬਣਾ ਦਿੱਤੀ ਗਈ, ਜਿਹੜੀ ਕਿ ਪੰਜਾਬ ਦੇ ਲੋਕ ਗੀਤਾਂ ਵਿੱਚ ਅੱਜ ਪ੍ਰਯੋਗ ਕੀਤੀ ਜਾਂਦੀ ਹੈ।

ਪੰਜਾਬ ਵਿੱਚ ਤੂੰਬੀ ਭੰਗੜਾ, ਮਿਰਜ਼ਾ, ਜੁਗਨੀ ਅਤੇ ਕਈ ਹੋਰ ਪੰਜਾਬੀ ਲੋਕ ਗੀਤਾਂ ਨਾਲ ਵਜਾਈ ਜਾਂਦੀ ਹੈ।

ਬਣਾਵਟ :

ਤੂੰਬੀ ਇੱਕ ਸਾਧਾਰਣ ਬਣਾਵਟ ਦਾ ਸਾਜ਼ ਹੈ। ਆਮ ਤੌਰ ਤੇ ਕੱਦੂ ਜਾਂ ਲੱਕੜੀ ਨੂੰ ਖੋਖਲਾ ਕਰਕੇ ਇੱਕ ਖੋਲ ਬਣਾ ਲਿਆ ਜਾਂਦਾ ਹੈ। ਇਸ ਦੇ ਵਿੱਚ ਇੱਕ ਤੋਂ ਲੈ ਕੇ ਡੇਢ ਫੁੱਟ ਤੱਕ ਲੱਕੜੀ ਦਾ ਡੰਡਾ ਗੋਲ ਤਰਾਸ਼ ਕੇ ਲਗਾ ਦਿੱਤਾ ਜਾਂਦਾ ਹੈ। ਇਸ ਦੇ ਡੰਡੇ ਦੀ ਲੰਬਾਈ 54 ਸੈਂਟੀਮੀਟਰ ਤੇ ਖੋਲ ਦੀ ਚੌੜਾਈ 9 ਸੈਂਟੀਮੀਟਰ ਹੁੰਦੀ ਹੈ। ਇਸ ਖੋਲ ਦੇ ਮੂੰਹ ਉੱਤੇ ਇੱਕ ਪਤਲੀ ਖੱਲ ਚੜ੍ਹਾਈ ਜਾਂਦੀ ਹੈ ਅਤੇ ਡੰਡੇ ਦੇ ਉਪਰਲੇ ਪਾਸੇ ਇੱਕ ਲੱਕੜੀ ਦੀ ਖੂੰਟੀ ਲਗਾਈ ਜਾਂਦੀ ਹੈ। ਜਿਸ ਵਿੱਚ ਤਾਰ ਪਿਰੋ ਕੇ ਡੰਡੇ ਦੇ ਨਿਚਲੇ ਪਾਸੇ ਤਾਰ ਨੂੰ ਮਰੋੜੀ ਦੇ ਕੇ ਬੰਨ੍ਹ ਦਿੱਤੀ ਜਾਂਦੀ ਹੈ। ਚਮੜੇ ਦੀ ਖੋਲ ਉੱਤੇ ਇੱਕ ਬਾਂਸ ਜਾਂ ਲੱਕੜੀ ਦਾ ਟੁਕੜਾ ਰਖਿਆ ਜਾਂਦਾ ਹੈ। ਜਿਸ ਦੇ ਉੱਤੇ ਤਾਰ ਟਿਕਦੀ ਹੈ। ਖੂੰਟੀ ਦੇ ਨਾਲ ਤਾਰ ਨੂੰ ਕੱਸ ਕੇ ਆਪਣੀ ਇੱਛਾ ਅਨੁਸਾਰ ਮਿਲਾ ਲਿਆ ਜਾਂਦਾ ਹੈ।

ਅੱਜ ਕੱਲ੍ਹ ਇਸ ਨੂੰ ਵਜਾਉਣ ਲਈ ਸੱਜੇ ਹੱਥ ਦੀ ਪਹਿਲੀ ਉਂਗਲ ਵਿੱਚ ਸਿਤਾਰ ਦੀ ਮਿਜ਼ਰਾਬ ਪਾ ਕੇ ਵਜਾਉਂਦੇ ਹਨ ਅਤੇ ਉਪਰਲੇ ਪਾਸੇ ਖੱਬੇ ਹੱਥ ਦੀਆਂ ਉਂਗਲਾਂ ਨਾਲ ਤਾਰ ਨੂੰ ਦਬਾ ਕੇ ਸੁਰ ਕੱਢੇ ਜਾਂਦੇ ਹਨ। ਪਰ ਪਹਿਲਾਂ ਇਸ ਨੂੰ ਖਾਲੀ ਉਂਗਲ ਨਾਲ ਹੀ ਵਜਾਉਣ ਦਾ ਰਿਵਾਜ ਸੀ। ਅੱਜ ਵੀ ਕਈ ਲੋਕ ਇਸ ਨੂੰ ਇੱਕ ਉਂਗਲ ਨਾਲ ਹੀ ਵਜਾਉਂਦੇ ਹਨ, ਮਿਜ਼ਰਾਬ ਦੀ ਵਰਤੋਂ ਨਹੀਂ ਕਰਦੇ।

ਅੱਜ ਪੰਜਾਬ ਦੇ ਲੋਕ ਗੀਤਾਂ ਵਿੱਚ ਜੋ ਮਹੱਤਤਾ ਇਸ ਸਾਜ਼ ਨੂੰ ਪ੍ਰਾਪਤ ਹੈ ਸ਼ਾਇਦ ਹੋਰ ਕਿਸੇ ਸਾਜ਼ ਨੂੰ ਵੀ ਨਹੀਂ।

## ਸਾਰੰਗੀ

ਭਾਰਤੀ ਸੰਗੀਤ ਸਾਜ਼ਾਂ ਵਿੱਚ ਕੇਵਲ ਸਾਰੰਗੀ ਹੀ ਇਸ ਤਰ੍ਹਾਂ ਦਾ ਸਾਜ਼ ਹੈ ਜਿਸ ਵਿੱਚ ਹਰ ਗਾਇਕੀ ਦਾ ਅੰਗ ਵਜਾਇਆ ਜਾ ਸਕਦਾ ਹੈ। ਜਿਵੇਂ ਕਿ ਇਸ ਦੇ ਨਾਂ ਤੋਂ ਸਪਸ਼ਟ ਹੁੰਦਾ ਹੈ ਇਸ ਵਿੱਚ ਸੌ ਰੰਗ ਹੁੰਦੇ ਹਨ ਅਰਥਾਤ ਹਰੇਕ ਰੰਗ ਨਾਲ ਇਹ ਭਰਪੂਰ ਹੈ।

ਇਸ ਨੂੰ ਸ਼ਾਸਤਰੀ ਸੰਗੀਤ ਅਤੇ ਲੋਕ ਸੰਗੀਤ ਵਿੱਚ ਪ੍ਰਯੋਗ ਕੀਤਾ ਜਾਂਦਾ ਹੈ। ਪਰ ਸ਼ਾਸਤਰੀ ਸੰਗੀਤ ਵਿੱਚ ਅਤੇ ਲੋਕ ਸੰਗੀਤ ਵਿੱਚ ਪ੍ਰਯੋਗ ਹੋਣ ਵਾਲੀਆਂ ਸਾਰੰਗੀਆਂ ਦਾ ਆਪਸ ਵਿੱਚ ਥੋੜ੍ਹਾ ਬਹੁਤ ਫ਼ਰਕ ਹੁੰਦਾ ਹੈ। ਸ਼ਾਸਤਰੀ ਸੰਗੀਤ ਵਿੱਚ ਪ੍ਰਯੋਗ ਹੋਣ ਵਾਲੀ ਸਾਰੰਗੀ ਦੀਆਂ ਤਾਰਾਂ ਲੋਕ ਸੰਗੀਤ ਵਿੱਚ ਪ੍ਰਯੋਗ ਹੋਣ ਵਾਲੀ

★ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸਾਰੰਗੀ ਨਾਲੋਂ ਵਧੇਰੇ ਹੁੰਦੀਆਂ ਹਨ। ਸ਼ਾਸਤਰੀ ਸੰਗੀਤ ਵਿੱਚ ਪ੍ਰਯੋਗ ਹੋਣ ਵਾਲੀ ਸਾਰੰਗੀ ਦਾ ਸਾਥ ਤਬਲਾ ਦਿੰਦਾ ਹੈ ਅਤੇ ਲੋਕ ਸੰਗੀਤ ਵਿੱਚ ਪ੍ਰਯੋਗ ਹੋਣ ਵਾਲੀ ਸਾਰੰਗੀ ਦੀ ਸੰਗਤ ਢੱਡ ਕਰਦੀ ਹੈ।

ਪੰਜਾਬ ਦੇ ਲੋਕ ਸੰਗੀਤ ਵਿੱਚ ਸਾਰੰਗੀ ਦਾ ਕਾਫ਼ੀ ਮਹੱਤਵਪੂਰਣ ਸਥਾਨ ਹੈ। ਸਾਰੰਗੀ ਨਾਲ ਕਲੀਆਂ ਗਾਈਆਂ ਜਾਂਦੀਆਂ ਹਨ ਜਿਵੇਂ ਹੀਰ ਦੀ ਕਲੀ, ਸੱਸੀ ਦੀ ਕਲੀ, ਮਿਰਜ਼ੇ ਦੀ ਕਲੀ, ਦੁੱਲਾ ਭੱਟੀ ਆਦਿ ਕਿੱਸੇ ਗਾਏ ਜਾਂਦੇ ਹਨ। ਕਦੇ ਕਦੇ ਬੋਲੀਆਂ ਵਿੱਚ ਵੀ ਇਸ ਦਾ ਪ੍ਰਯੋਗ ਹੁੰਦਾ ਹੈ।

ਬਣਾਵਟ :




ਇਹ ਲਗਭਗ ਦੋ ਫੁਟ ਲੰਬੀ ਹੁੰਦੀ ਹੈ ਆਮ ਤੌਰ ਤੇ ਇਸ ਦੀ ਲੰਬਾਈ 58 ਸੈਂਟੀਮੀਟਰ ਤੇ ਚੌੜਾਈ 13 ਸੈਂਟੀਮੀਟਰ ਹੁੰਦੀ ਹੈ। ਇਸ ਵਿੱਚ ਤੂੰਬੇ ਦੀ ਜਗ੍ਹਾ ਤੇ ਲੱਕੜੀ ਦਾ ਬਣਿਆ ਹੋਇਆ ਢਿੱਡ ਹੁੰਦਾ ਹੈ, ਜਿਹੜਾ ਹੇਠਾਂ ਨੂੰ ਚਿਪਕਿਆ ਹੋਇਆ ਅਤੇ ਉੱਤੇ ਨੂੰ ਡਮਰੂ ਦੇ ਆਕਾਰ ਦਾ ਹੁੰਦਾ ਹੈ। ਇਹ ਲੱਕੜੀ ਨੂੰ ਖੋਦ ਕੇ ਬਣਾਇਆ ਜਾਂਦਾ ਹੈ ਅਤੇ ਇਹਦੇ ਉੱਤੇ ਚਮੜੇ ਨੂੰ ਮੜ੍ਹ ਦਿੱਤਾ ਜਾਂਦਾ ਹੈ। ਇਸ ਚਮੜੇ ਦੇ ਉੱਤੇ ਵਿਚਕਾਰ ਨੂੰ ਊਠ ਦੀ ਹੱਡੀ ਦੀ ਘੋੜੀ ਦੇ ਉਪਰੋਂ ਚਾਰ ਤੰਦਾਂ (ਚਮੜੇ ਦੀਆਂ ਤਾਰਾਂ) ਖੂੰਟੀਆਂ ਵੱਲ ਚਲੀਆਂ ਜਾਂਦੀਆਂ ਹਨ। ਇਸ ਨੂੰ ਕਮਾਨ ਦੀ ਮਦਦ ਨਾਲ ਵਜਾਇਆ ਜਾਂਦਾ ਹੈ। ਖੱਬੇ ਹੱਥ ਦੀਆਂ ਉਂਗਲੀਆਂ ਦੇ ਨਹੁੰ ਨਾਲ ਤੰਦ ਦੀਆਂ ਤਾਰਾਂ ਨੂੰ ਪਿੱਛੇ ਤੋਂ ਛੂਹ ਕੇ ਆਪਣੀ ਇੱਛਾ ਅਨੁਸਾਰ ਸੁਰ ਕੱਢੇ ਜਾਂਦੇ ਹਨ। ਇਸ ਵਿੱਚ ਪਰਦੇ ਨਹੀਂ ਹੁੰਦੇ ਕੇਵਲ ਅਭਿਆਸ ਦੇ ਨਾਲ ਸੁਰ ਕੱਢੇ ਜਾਂਦੇ ਹਨ।

## ਤੂੰਬਾ

ਇਹ ਭਾਰਤੀ ਪ੍ਰਾਚੀਨ ਤੱਤ ਸਾਜ਼ਾਂ ਵਿੱਚੋਂ ਇੱਕ ਹੈ ਜਿਸ ਨੂੰ ਕਿ ਪੰਜਾਬ ਦੇ ਲੋਕ ਸੰਗੀਤ ਵਿੱਚ ਤੂੰਬਾ ਜਾਂ ਘੁਮਰੂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਤਰ੍ਹਾਂ ਦਾ ਇੱਕ ਸਾਜ਼ ਮਹਾਂਰਾਸ਼ਟਰ ਵਿੱਚ ਵੀ ਹੈ ਜਿਸ ਨੂੰ ਮਹਾਂਰਾਸ਼ਟਰ ਦੇ ਲੋਕ 'ਤੁਨਤਨਾ' ਆਖਦੇ ਹਨ।

ਪੰਜਾਬ ਲੋਕ ਸੰਗੀਤ ਵਿੱਚ ਅੱਜ ਬੇਸ਼ਕ ਇਸ ਦੀ ਵਰਤੋਂ ਵੱਡੀ ਮਾਤਰਾ ਵਿੱਚ ਨਹੀਂ ਕੀਤੀ ਜਾਂਦੀ, ਪਰ ਫਿਰ ਵੀ ਪੰਜਾਬ ਦੇ ਲੋਕ ਗੀਤਾਂ, ਭੰਗੜੇ, ਗਿੱਧੇ ਅਤੇ ਪੰਜਾਬੀ ਬੋਲੀਆਂ ਵਿੱਚ ਇਸ ਦਾ ਮਹੱਤਵਪੂਰਣ ਸਥਾਨ ਹੈ।

ਲੋਕ ਗੀਤਾਂ ਜਾਂ ਬੋਲੀਆਂ ਨਾਲ ਇਸ ਦਾ ਪ੍ਰਯੋਗ ਕੰਨਾਂ ਨੂੰ ਸੁਣਨ ਵਿੱਚ ਬੜਾ ਮਿੱਠਾ ਲਗਦਾ ਹੈ।

ਬਣਾਵਟ :

ਇਸ ਦੀ ਬਣਾਵਟ ਸਿੱਧੀ ਤੇ ਸਾਧਾਰਣ ਹੁੰਦੀ ਹੈ। ਇਹ




ਆਮ ਤੌਰ ਤੇ ਅੰਬ ਦੀ ਲੱਕੜੀ ਦਾ ਬਣਿਆ ਹੁੰਦਾ ਹੈ ਅਤੇ ਇਸ ਦੀ ਲੰਬਾਈ ਗਿਆਰਾਂ ਉਂਗਲ ਤੋਂ ਲੈ ਕੇ ਤੇਰ੍ਹਾਂ ਉਂਗਲ ਤੱਕ ਹੁੰਦੀ ਹੈ। ਢੱਡ ਵਿੱਚੋਂ ਪਿਚਕਿਆ ਹੋਇਆ ਤੇ ਮੂੰਹ ਖੁੱਲ੍ਹਾ ਹੁੰਦਾ ਹੈ। ਇਸ ਦੇ ਮੂੰਹ ਦਾ ਆਕਾਰ ਸੱਤ ਅੱਠ ਉਂਗਲ ਗੋਲਾਈ ਵਿੱਚ ਹੁੰਦਾ ਹੈ। ਇਸ ਦੇ ਇੱਕ ਮੂੰਹ ਉੱਤੇ ਚਮੜੇ ਦੀ ਖੱਲ ਮੜ੍ਹੀ ਹੁੰਦੀ ਹੈ। ਇਸ ਮੜ੍ਹੀ ਹੋਈ ਖੱਲ ਦੇ ਵਿਚਕਾਰ ਲਗਭਗ ਅੱਧਾ ਮੀਟਰ ਚਮੜੇ ਦੀ ਤੰਦ (ਤਾਰ) ਪਿਰੋ ਕੇ ਦੂਜੇ ਮੂੰਹ ਰਾਹੀਂ ਕੱਢ ਦਿੱਤੀ ਜਾਂਦੀ ਹੈ। ਇਸ ਤੰਦ ਦੇ ਚਮੜੇ ਵਾਲੇ ਸਿਰੇ ਨੂੰ ਗੰਢ ਦਿੱਤੀ ਜਾਂਦੀ ਹੈ ਤੇ ਦੂਜੇ ਸਿਰੇ ਨੂੰ ਇਹ ਲੱਕੜੀ ਦੇ ਗੱਟੇ ਵਿੱਚ ਗੰਢ ਮਾਰ ਕੇ ਪਿਰੋ ਦਿੱਤਾ ਜਾਂਦਾ ਹੈ।

ਇਸ ਦੇ ਵਜਾਉਣ ਦਾ ਢੰਗ ਇਹ ਹੈ ਕਿ ਤੂੰਬੇ ਨੂੰ ਖੱਬੇ ਪਾਸੇ ਕੁੱਛੜ ਵਿੱਚ ਮਾਰ ਕੇ ਤੰਦ 'ਤਾਰ' ਸਿੱਧੀ ਕਰ ਲਈ ਜਾਏ ਤੇ ਸੱਜੇ ਹੱਥ ਦੀ ਪਹਿਲੀ ਉਂਗਲੀ ਨਾਲ ਇਸ ਤੰਦ ਤੇ ਚੋਟ ਮਾਰਦੇ ਹੋਏ ਲੱਕੜੀ ਦੇ ਗੱਟੇ ਨੂੰ ਖੱਬੇ ਹੱਥ ਨਾਲ ਖਿਚਿਆ ਜਾਂ ਢਿੱਲਾ ਕੀਤਾ ਜਾਂਦਾ ਹੈ, ਇਸ ਤਰ੍ਹਾਂ ਇਸ ਵਿੱਚੋਂ 'ਗਮਕ' ਦੀ ਆਵਾਜ਼ ਪੈਦਾ ਹੁੰਦੀ ਹੈ ਪਰ ਇਹ 'ਗਮਕ' ਢੱਡ ਦੀ ਗਮਕ ਨਾਲੋਂ ਵੱਖਰੀ ਹੁੰਦੀ ਹੈ। ਇਹ ਸਾਜ਼ ਲੋਕ ਗੀਤਾਂ ਜਾਂ ਬੋਲੀਆਂ ਵਿੱਚ

ਸੁਰ ਨਾਲੋਂ ਜ਼ਿਆਦਾ ਤਾਲ ਪ੍ਰਧਾਨ ਰਹਿੰਦਾ ਹੈ।

## ਦੋ ਤਾਰਾ

ਇਹ ਇੱਕ-ਤਾਰੇ ਦਾ ਹੀ ਰੂਪ ਹੈ। ਇੱਕ-ਤਾਰਾ ਦੋ-ਤਾਰਾ, ਚੌਤਾਰਾ ਇਹ ਤਿੰਨੇ ਸਾਜ਼ ਭਗਤੀ ਸੰਗੀਤ ਨਾਲ ਹੀ ਪ੍ਰਯੋਗ ਕੀਤੇ ਜਾਂਦੇ ਸਨ। ਅੱਜ ਵੀ ਕਿਤੇ ਕਿਤੇ ਇਨ੍ਹਾਂ ਦਾ ਪ੍ਰਯੋਗ ਹੁੰਦਾ ਹੈ।

ਸਮੇਂ ਦੇ ਨਾਲ ਅਤੇ ਲੋਕਾਂ ਦੇ ਸੁਭਾ ਅਨੁਸਾਰ ਇਹ ਦੋਵੇਂ ਸਾਜ਼ (ਇੱਕ-ਤਾਰਾ, ਦੋ-ਤਾਰਾ) ਲੋਕ ਸੰਗੀਤ ਵਿੱਚ ਪ੍ਰਯੋਗ ਕੀਤੇ ਜਾਣ ਲਗੇ। ਲੋਕ ਸੰਗੀਤ ਵਿੱਚ ਸਭ ਤੋਂ ਪਹਿਲਾਂ ਇੱਕ-ਤਾਰੇ ਦੀ ਵਰਤੋਂ ਹੋਣ ਲਗੀ ਅਤੇ ਉਸ ਤੋਂ ਬਾਅਦ ਦੋ-ਤਾਰਾ, ਚੌਤਾਰਾ ਉਸੀ ਤਰ੍ਹਾਂ ਹੀ ਪ੍ਰਯੋਗ ਹੁੰਦਾ ਆ ਰਿਹਾ ਹੈ। ਭਾਵ ਇਹ ਪਹਿਲਾਂ ਤੋਂ ਲੈ ਕੇ ਹੁਣ ਤੱਕ ਭਗਤੀ ਸੰਗੀਤ ਨਾਲ ਹੀ ਪ੍ਰਯੋਗ ਕੀਤਾ ਜਾਂਦਾ ਹੈ।

ਇੱਕ-ਤਾਰੇ ਨੂੰ ਥੋੜ੍ਹਾ ਵੱਡਾ ਕਰਨ ਨਾਲ ਅਤੇ ਇੱਕ ਹੋਰ ਤਾਰ ਲਗਾਉਣ ਨਾਲ ਹੀ ਦੋ-ਤਾਰਾ ਬਣ ਜਾਂਦਾ ਹੈ।

ਪੰਜਾਬ ਦੇ ਲੋਕ ਗੀਤਾਂ ਵਿਚ ਜੋ ਸਥਾਨ ਇੱਕ-ਤਾਰੇ ਨੂੰ ਮਿਲਿਆ ਹੈ, ਬੇਸ਼ਕ ਉਹ ਸਥਾਨ ਦੋ-ਤਾਰਾ ਨਹੀਂ ਲੈ ਸਕਿਆ ਪਰ ਫਿਰ ਵੀ ਪੰਜਾਬੀ ਲੋਕ ਗੀਤਾਂ ਵਿੱਚ ਇਸ ਦੀ ਕਾਫ਼ੀ ਮਹੱਤਤਾ ਹੈ।

ਜੇ ਅਸੀਂ ਸ਼ਾਸਤਰੀ ਸੰਗੀਤ ਦੇ ਪੱਖ ਨਾਲ ਵੇਖੀਏ ਤਾਂ ਦੋ-ਤਾਰਾ ਇੱਕ-ਤਾਰੇ ਨਾਲੋਂ ਜ਼ਿਆਦਾ ਉਚਿਤ ਹੈ ਕਿਉਂਕਿ ਇਸ ਵਿੱਚ ਦੋ-ਤਾਰਾਂ ਲੱਗੀਆਂ ਹੁੰਦੀਆਂ ਹਨ ਜਿਹੜੀਆਂ ਕਿ 'ਸਾ' ਅਤੇ 'ਪਾ' ਦੇ ਸੁਰਾਂ ਉੱਤੇ ਮਿਲੀਆਂ ਹੁੰਦੀਆਂ ਹਨ। ਇਨ੍ਹਾਂ ਦੋਹਾਂ ਤਾਰਾਂ ਉੱਤੇ ਅਸੀਂ ਪੂਰੀ 'ਸਰਗਮ':

ਆਰੋਹ : ਸ ਰੇ ਗ ਮ ਪ ਧ ਨੀ ਸਂ।
ਅਵਰੋਹ : ਸਂ ਨੀ ਧ ਪ ਮ ਗ ਰੇ ਸ

ਕੱਢ ਸਕਦੇ ਹਾਂ। ਇੱਕ-ਤਾਰੇ ਤੋਂ ਸਾਨੂੰ ਸਿਰਫ਼ ਤਿੰਨ ਚਾਰ ਸੁਰ ਹੀ ਆਸਾਨੀ ਨਾਲ ਮਿਲਦੇ ਹਨ ਪਰ ਫਿਰ ਵੀ ਇੱਕ-ਤਾਰੇ ਨੂੰ ਹੀ ਪੰਜਾਬੀ ਲੋਕ ਗੀਤਾਂ ਵਿੱਚ ਦੋ-ਤਾਰੇ ਨਾਲੋਂ ਵਧੇਰੇ ਉਚਿਤ ਸਥਾਨ ਮਿਲਦਾ ਹੈ।

### ਬਣਾਵਟ :

ਦੋ-ਤਾਰੇ ਦੀ ਬਣਾਵਟ ਦੀ ਇੱਕ-ਤਾਰੇ ਦੀ ਬਣਾਵਟ ਵਾਂਗ ਹੁੰਦੀ ਹੈ। ਇਸ ਦੀ ਲੰਬਾਈ ਵੀ ਆਮ ਤੌਰ ਤੇ 70 ਸੈਂਟੀਮੀਟਰ ਤੇ ਖੋਲ ਦੀ ਚੌੜਾਈ 15 ਸੈਂਟੀਮੀਟਰ ਹੁੰਦੀ ਹੈ। ਇਹ ਕੱਦੂ ਜਾਂ ਲੱਕੜੀ ਨੂੰ ਖੋਖਲਾ ਕਰਕੇ ਇੱਕ ਖੋਲ ਬਣਾ ਲਿਆ ਜਾਂਦਾ ਹੈ। ਇਸ ਦੇ ਵਿੱਚ ਇੱਕ ਲੱਕੜੀ ਦਾ ਡੰਡਾ ਤਰਾਸ਼ ਕੇ ਜਿਹੜਾ ਗੋਲਾਈ ਵਿੱਚ ਹੋਵੇ ਹੇਠਲੇ ਪਾਸਿਓਂ ਪਤਲਾ ਉਪਰੋਂ ਮੋਟਾ ਹੁੰਦਾ ਹੈ ਤੂੰਬੇ ਜਾਂ ਲੱਕੜੀ ਵਿੱਚ ਆਰਪਾਰ ਲਗਾ ਦਿਤਾ ਜਾਂਦਾ ਹੈ। ਤੂੰਬੇ ਦੇ ਪਿਛਲੇ ਪਾਸੇ ਲੱਕੜੀ ਦੇ ਡੰਡੇ ਦਾ ਪਤਲਾ ਪਾਸਾ ਹੇਠਲੇ ਪਾਸਿਓਂ ਥੋੜ੍ਹਾ ਬਾਹਰ ਨਿਕਲਿਆ ਹੁੰਦਾ ਹੈ ਤਾਂ ਜੋ ਇਸ ਦੇ ਵਿੱਚ ਮਰੋੜ ਕੇ ਤਾਰਾਂ ਲਗਾਈਆਂ ਜਾ ਸਕਣ। ਦੋ-ਤਾਰੇ ਦੇ ਕੱਦੂ ਜਾਂ ਲੱਕੜ ਦੇ ਖੋਲ ਉੱਤੇ ਪਤਲੀ ਖੱਲ ਮੜ੍ਹ ਦਿੱਤੀ ਜਾਂਦੀ ਹੈ ਅਤੇ ਖੱਲ ਉੱਤੇ ਇੱਕ ਬਾਂਸ ਦੀ ਘੋੜੀ ਰੱਖੀ ਜਾਂਦੀ ਹੈ। ਡੰਡੇ ਦੇ ਉਪਰਲੇ ਪਾਸੇ ਦੋ-ਤਾਰਾਂ ਲਈ ਖੂੰਟੀਆਂ ਹੁੰਦੀਆਂ ਹਨ। ਇਨ੍ਹਾਂ ਦੋਹਾਂ ਨੂੰ ਸਾ ਅਤੇ ਪਾ ਦੇ ਸੁਰਾਂ ਤੇ ਮਿਲਾਇਆ ਜਾਂਦਾ ਹੈ।




ਪਹਿਲਾਂ ਕਈ ਲੋਕ ਇਸ ਨੂੰ ਵਜਾਉਣ ਲਈ ਸੱਜੇ ਹੱਥ ਦੀ ਖਾਲੀ ਪਹਿਲੀ ਉਂਗਲੀ ਦੀ ਵਰਤੋਂ ਕਰਦੇ ਸਨ ਪਰ ਅੱਜ ਕਲ੍ਹ ਸੱਜੇ ਹੱਥ ਦੀ ਪਹਿਲੀ ਉਂਗਲੀ ਵਿੱਚ ਸਿਤਾਰ ਦੀ ਮਿਜ਼ਰਾਬ ਪਾ ਕੇ ਇਸ ਨੂੰ ਵਜਾਇਆ ਜਾਂਦਾ ਹੈ ਅਤੇ ਖੱਬੇ ਹੱਥ ਦੀਆਂ ਉਂਗਲਾਂ ਨਾਲ ਉਪਰਲੇ ਪਾਸੇ ਦੋਹਾਂ ਤਾਰਾਂ ਨੂੰ ਦਬਾ ਕੇ ਸੁਰ ਕੱਢੇ ਜਾਂਦੇ ਹਨ। ■


ਜੇ ਤੁਹਾਨੂੰ 'ਅੰਮ੍ਰਿਤ ਕੀਰਤਨ' ਚੰਗਾ ਲਗਦਾ ਹੈ ਪਰ ਕਿਸੇ ਮਜਬੂਰੀ ਕਾਰਨ ਚੰਦਾ ਨਹੀਂ ਭੇਜ ਸਕਦੇ ਤਾਂ ਸਾਨੂੰ ਲਿਖੋ। ਅਸੀਂ ਤੁਹਾਨੂੰ ਇੱਕ ਸਾਲ ਲਈ 'ਅੰਮ੍ਰਿਤ ਕੀਰਤਨ' ਮੁਫਤ ਭੇਜਦੇ ਰਹਾਂਗੇ।

• • •

ਚਿੱਠੀ ਪੱਤਰ ਸਮੇਂ ਆਪਣਾ ਚਿਟ ਨੰਬਰ ਜ਼ਰੂਰ ਲਿਖੋ।
ਇਸ ਤੋਂ ਬਿਨ੍ਹਾਂ ਕੋਈ ਕਾਰਵਾਈ ਨਹੀਂ ਹੋ ਸਕਦੀ।
ਅੰਮ੍ਰਿਤ ਕੀਰਤਨ ਟ੍ਰਸਟ, 422 ਸੈਕਟਰ 15-ਏ, ਚੰਡੀਗੜ੍ਹ।

# ਲਾਲ ਰੰਗੁ ਤਿਸ ਕਉ ਲਗਾ, ਜਿਸ ਕੇ ਵਡਭਾਗਾ

ਰਮੇਸ਼ ਸਿੰਘ ★

*ਅਸੀਂ ਐਵੇਂ ਬੱਚਿਆਂ ਨੂੰ ਕੋਸਦੇ ਰਹਿੰਦੇ ਹਾਂ ਕਿ ਸਾਡੀ ਨੌਜਵਾਨ ਪਨੀਰੀ ਕੁਰਾਹੇ ਪੈ ਰਹੀ ਹੈ। ਬੱਚਿਆਂ ਦਾ ਕਸੂਰ ਨਹੀਂ, ਕਸੂਰ ਤਾਂ ਸਾਡਾ ਵੱਡਿਆਂ ਦਾ ਹੈ ਜੋ "ਅੰਦਰਹੁ ਝੂਠਿਹ ਪੈਜ ਬਾਹਰਿ" (ਆਸਾ ਦੀ ਵਾਰ) ਦੀ ਮਿਸਾਲ ਬਣ ਗਏ ਹਾਂ, ਵਿਖਾਵਾ ਕਰਦੇ ਹਾਂ ਧਰਮ ਦਾ, ਪਰ ਅੰਦਰੋਂ ਅਧਰਮੀ ਤੇ ਪਾਖੰਡੀ ਹਾਂ। ਜੇਕਰ ਵਾਕਈ ਉਨ੍ਹਾਂ ਨੂੰ ਸੇਧ ਮਿਲ ਜਾਏ, ਕੋਈ ਗੁਰੂ ਪਿਆਰਾ (role model) ਉਨ੍ਹਾਂ ਨੂੰ ਸਤਿਸੰਗ ਰਾਹੀਂ ਗੁਰੂ ਦੀ ਗੱਲ ਸਮਝਾ ਕੇ ਰਾਹ ਵਿਖਾ ਦੇਵੇ ਤਾਂ ਉਹ ਜ਼ਿੰਦਗੀ ਢਾਲ ਲੈਂਦੇ ਹਨ ਗੁਰੂ ਮਾਰਗ ਤੇ। ਉਨ੍ਹਾਂ ਦੇ ਅੰਦਰਲਾ ਪ੍ਰਭੂ ਪਿਆਰ ਉਨ੍ਹਾਂ ਤੇ ਨਾਮ ਦਾ ਗੂੜ੍ਹਾ ਲਾਲ ਰੰਗ ਚਾੜ੍ਹਦਾ ਹੈ ਤੇ ਉਹ ਪ੍ਰਤੀਕ ਬਣ ਜਾਂਦੇ ਹਨ "ਊਠਤ ਬੈਠਤ ਸੋਵਤ ਧਿਆਈਐ॥ ਮਾਰਗਿ ਚਲਤ ਹਰੇ ਹਰਿ ਗਾਈਐ" (ਪੰਨਾ 386) ਦੇ। ਪ੍ਰਭੂ ਕਿਰਪਾ ਸਦਕਾ ਮੈਨੂੰ ਨਾਮ ਦੇ ਮਜੀਠੇ ਰੰਗ ਵਿੱਚ ਰੰਗੀ, ਜਮਸ਼ੇਦਪੁਰ (ਬਿਹਾਰ) ਦੀ ਇੱਕ ਅੰਮ੍ਰਿਤਧਾਰੀ ਨੌਜਵਾਨ ਬੱਚੀ, ਜੋ M.A. (Economics) ਦਾ Final exam ਦੇ ਚੁੱਕੀ ਹੈ, ਰੋਜ਼ 2:30 ਵਜੇ ਅੰਮ੍ਰਿਤ ਵੇਲੇ ਉਠ ਕੇ ਨਾਮ-ਬਾਣੀ ਵਿੱਚ ਜੁੜ ਜਾਂਦੀ ਹੈ, ਦੀ ਇੱਕ ਚਿੱਠੀ ਵੇਖਣ ਦਾ ਸੁਭਾਗ ਪ੍ਰਾਪਤ ਹੋਇਆ ਜੋ ਉਸਨੇ ਆਪਣੇ ਸਤਿਸੰਗੀ ਪਿਤਾ ਨੂੰ ਲਿਖੀ ਸੀ। ਮੈਂ ਸਾਰੇ ਪਾਠਕਾਂ ਨਾਲ ਉਹ ਖਤ ਸਾਂਝਾ ਕਰਨ ਦੀ ਖ਼ੁਸ਼ੀ ਲੈ ਰਿਹਾ ਹਾਂ।*

2/6/99

ੴ

ਮਾਨਯੋਗ, ਗੁਰੂ ਪਿਆਰੇ ਅਤੇ ਮੇਰੇ ਬਹੁਤ ਹੀ ਪਿਆਰੇ ਪਾਪਾ ਜੀ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਪਾਪਾ ਜੀ, ਆਪ ਜੀ ਦਾ ਲਿਖਿਆ ਦੋ ਸਫੇ ਦਾ ਨੋਟ "ਜੋ ਮੈ ਕੀਆ ਸੋ ਮੈ ਪਾਇਆ" ਪੜ੍ਹਿਆ, ਮੇਰੇ ਲਈ ਤਾਂ ਉਹ ਇੱਕ ਅਨਮੋਲ ਖਜ਼ਾਨਾ ਹੈ ਆਪਣੇ ਅੰਦਰ ਦੀ ਖੋਜ ਕਰਨ ਲਈ। ਮੈਂ ਸਭ ਕੁਝ ਬਾਹਰ ਦਾ ਹੀ ਕਰੀ ਜਾ ਰਹੀ ਹਾਂ, ਹੋਰ ਕਰਦੀ ਹਾਂ, ਪਰ ਪ੍ਰਭੂ ਅੰਦਰ ਵਸਦਾ ਨਹੀਂ। ਪ੍ਰਭੂ ਵੀ ਕਹਿੰਦਾ ਹੈ, ਕਿਸ ਤਰ੍ਹਾਂ ਆਵਾਂ, ਤੇਰੇ ਅੰਦਰ ਤਾਂ ਬੇਅੰਤ ਅਵਗੁਣ ਅਤੇ ਵਿਸ਼ਟਾ ਭਰੀ ਹੋਈ ਹੈ, ਇਸ ਗੰਦਗੀ ਵਿੱਚ ਮੈਂ ਨਹੀਂ ਆ ਸਕਦਾ।

ਪਾਪਾ ਜੀ, ਕੀ ਕਰਾਂ? ਜਿਸ ਤਰ੍ਹਾਂ ਪ੍ਰਭੂ ਦੇ ਬੇਅੰਤ ਗੁਣ ਹਨ, ਮੇਰੇ ਬੇਅੰਤ ਅਵਗੁਣ ਹਨ, ਫਿਰ ਵੀ ਪਾਪਾ ਜੀ, ਆਪ ਤੇ ਅੰਕਲ ਜੀ ਮੇਰੇ ਵਰਗੀ ਪਾਪੀ ਦੀ ਇਤਨੀ ਵਡਿਆਈ ਕਰ ਦੇਂਦੇ ਹਨ, ਇਸ ਤੋਂ ਹੋਰ ਸ਼ਰਮਿੰਦਗੀ ਮਹਿਸੂਸ ਹੁੰਦੀ ਹੈ ਆਪਣੇ ਆਪ ਤੋਂ।

Realy, ਜਦ ਆਪਣੇ ਅੰਦਰ ਝਾਤੀ ਮਾਰਦੀ ਹਾਂ ਤਾਂ ਪਤਾ ਲਗਦਾ ਹੈ ਕਿ ਕਿਤਨੀਆਂ ਹੀ ਗਲਤੀਆਂ ਤੇ ਪਾਪ ਕਰੀ ਜਾ ਰਹੀ ਹਾਂ, ਮਨ ਸਭ ਜਾਣਦਾ ਹੈ, ਪਰ ਇਹ ਮੇਰਾ ਦੁਸ਼ਮਣ ਬਣਿਆ ਹੋਇਆ ਹੈ, ਪਤਾ ਨਹੀਂ ਦੋਸਤ ਕਦੋਂ ਬਣੇਗਾ।

ਪਾਪਾ ਜੀ, "ਜੋ ਮੈਂ ਕੀਆ ਸੋ ਪਾਇਆ" ਅਨੁਸਾਰ ਤਾਂ ਮੈਨੂੰ ਕਰੜੀ ਸਜ਼ਾ ਮਿਲਣੀ ਚਾਹੀਦੀ ਸੀ, ਪਰ ਮੇਰੇ ਵਰਗੀ ਅਕਿਰਤਘਣ ਨੂੰ ਪ੍ਰਭੂ ਨੇ ਆਪਣੇ ਪਿਆਰਿਆਂ ਨਾਲ ਮਿਲਾ ਦਿੱਤਾ, ਕਿਤਨੀ ਕਿਰਪਾ ਕੀਤੀ, ਸਤਿਸੰਗ ਬਖਸ਼ ਦਿੱਤਾ, ਇਹ ਸਭ ਕੁਝ ਵੇਖ ਕੇ ਖਿਆਲ ਆਉਂਦਾ ਹੈ ਕਿ ਆਪਣੇ ਕੀਤੇ ਕਰਮਾਂ ਦਾ ਤਾਂ ਇਹ ਫਲ ਬਿਲਕੁਲ ਨਹੀਂ ਹੋ ਸਕਦਾ ਇਹ ਤਾਂ ਕੇਵਲ ਪ੍ਰਭੂ ਦੀ ਕਿਰਪਾ ਹੀ ਹੈ, ਅਤੇ ਪ੍ਰਭੂ ਨਾਲ ਪਿਆਰ ਕਰਨ ਨੂੰ ਜੀ ਕਰਦਾ ਹੈ। ਪਰ ਕਦੇ-ਕਦੇ, ਪ੍ਰਭੂ ਤੇ ਨਾਰਾਜ਼ ਹੋਣ ਨੂੰ ਵੀ ਜੀ ਕਰਦਾ ਹੈ ਕਿਉਂਕਿ, "ਪ੍ਰਭੂ ਤੂੰ ਜਾਣਦਾ ਹੈਂ ਮੈਂ ਗਲਤੀਆਂ ਤੇ ਅਵਗੁਣਾਂ ਦੀ ਭਰੀ ਹੋਈ ਹਾਂ, ਬਾਰ-ਬਾਰ ਢਹਿ ਪੈਂਦੀ ਹਾਂ, ਪਾਪ ਕਰ ਬੈਠਦੀ ਹਾਂ, ਆਪ ਮੈਨੂੰ ਰੋਕਦੇ ਕਿਉਂ ਨਹੀਂ? ਮੇਰੇ ਕੋਲੋਂ ਦੂਰ ਕਿਉਂ ਚਲੇ ਜਾਂਦੇ ਹੋ। ਮੇਰੀ ਤਾਂ ਆਦਤ ਹੀ ਹੈ ਗਲਤੀਆਂ ਕਰਨਾ, ਨਹੀਂ ਆਪਨੂੰ ਕਿਸ ਨੇ ਬਖਸ਼ਣਹਾਰ ਕਹਿਣਾ ਸੀ, ਫਿਰ ਕਿਉਂ ਨਹੀਂ ਬਖਸ਼ਦੇ ਮੇਰੇ ਅਉਗਣ, ਮੇਰੇ ਕੀਤੇ ਬੇਅੰਤ ਪਾਪ। ਮੇਰੇ ਪਿਆਰੇ ਪ੍ਰਭੂ ਜੀਉ, ਹੁਣ ਕਿਰਪਾ ਕਰੋ?

*"ਕਰਿ ਕਿਰਪਾ ਵਸਹੁ ਮੇਰੇ ਹਿਰਦੈ ਹੋਇ ਸਹਾਈ ਆਪਿ"* (ਪੰਨਾ 405)

ਪਾਪਾ ਜੀ, ਜਦੋਂ exam ਦੇਣ Bhopal ਜਾਣ ਲਈ ਲਈ train ਵਿੱਚ ਬੈਠੀ ਤਾਂ ਥੋੜੀ ਦੇਰ ਸੋਚਦੀ ਰਹੀ- "ਪ੍ਰਭੂ ਆਪ ਹੀ ਮੈਨੂੰ ਭੇਜ ਰਹੇ ਹੋ, ਮੈਨੂੰ ਪਤਾ ਹੈ exam ਦੀ ਪੜ੍ਹਾਈ ਕਰਾਂਗੀ ਤਾਂ ਆਪ ਮੇਰੇ ਤੋਂ ਦੂਰ ਹੋ ਜਾਉਗੇ। ਪਰ ਮੈਂ ਕੀ ਕਰਾਂ? ਸਾਰੇ ਕਹਿੰਦੇ ਹਨ ਕਿ ਸਭ ਕੰਮ ਕਰਦੇ ਹੋਇ ਪ੍ਰਭੂ ਨੂੰ ਯਾਦ ਕਰਨਾ ਹੈ, ਪਰ ਬਹੁਤ ਹੀ ਮੁਸ਼ਕਲ

★ Kasidih East, Road No. 1 Sakchi, Jamshedpur - 831 001

ਲਗਾ। ਫਿਰ ਬੈਠ ਗਈ, ਹੁਣ ਮੈਂ ਕੀ ਕਰਾਂ? ਮੈਨੂੰ ਪਤਾ ਹੈ, ਮੈਂ ਆਪਣੇ ਆਪ ਨੂੰ ਭੁੱਲ ਜਾਵਾਂਗੀ, ਡੇਢ ਮਹੀਨਾ ਰਹਿਣਾ ਪੈਣਾ ਹੈ ਭੋਪਾਲ। ਇੱਕ ਤਾਂ ਦੂਸਰੀ ਪੜ੍ਹਾਈ ਦਾ ਬੋਝ, ਦੂਜਾ ਸਤਿਸੰਗ ਵੀ ਕੋਈ ਨਹੀਂ, ਕੀ ਬਣੇਗਾ ਮੇਰਾ?

ਜਿਵੇਂ ਪ੍ਰਭੂ ਨੇ ਇਹ ਸਭ ਸੁਣ ਲਿਆ ਹੋਵੇ। ਉਸੇ ਵੇਲੇ, ਮੇਰੇ ਨਾਲ ਇੱਕ ਲੜਕੀ (ਮੇਰੀ ਭੈਣ ਦੀ ਉਮਰ ਦੀ) ਆ ਕੇ ਬੈਠੀ। ਥੋੜ੍ਹੀ ਦੇਰ ਬਾਅਦ ਉਸਦਾ Boy Friend ਵੀ ਆ ਗਿਆ। ਗਲਬਾਤ ਕਰਦਿਆਂ ਪਤਾ ਲੱਗਾ ਕਿ ਉਹ ਅੱਗੇ ਜਾ ਕੇ marriage ਵੀ ਕਰਨਗੇ। ਉਹ ਲੜਕਾ ਉਸ ਲੜਕੀ (ਪਿੰਕੀ ਸੀ ਨਾਂ ਉਸਦਾ) ਨੂੰ Bina ਤਕ ਛੱਡਣ ਜਾ ਰਿਹਾ ਹੈ। ਪਿੰਕੀ ਨੇ ਦੱਸਿਆ ਕਿ ਉਹ ਲੜਕਾ ਉਸਨੂੰ ਬਹੁਤ ਪਿਆਰ ਕਰਦਾ ਹੈ, ਉਹ ਇੱਕ ਮਹੀਨੇ ਲਈ ਭੋਪਾਲ ਜਾ ਰਹੀ ਸੀ, ਉਹ ਉਸਨੂੰ Bina ਤੀਕਰ ਛੱਡਣ ਆਇਆ ਹੈ। ਉਨ੍ਹਾਂ ਦੋਹਾਂ ਨਾਲ ਮੇਰੀ ਅੱਛੀ ਦੋਸਤੀ ਹੋ ਗਈ, ਉਹ ਦੋਨੋਂ ਮੈਨੂੰ ਦੀਦੀ ਕਹਿੰਦੇ ਸੀ। ਉਨ੍ਹਾਂ ਦੁਹਾਂ ਨੂੰ ਵੇਖ ਕੇ ਪ੍ਰਭੂ ਬਹੁਤ ਯਾਦ ਆਇਆ ਤੇ ਸਾਰੇ ਸਫ਼ਰ ਮੇਰੇ ਨਾਲ ਹੀ ਰਿਹਾ। ਅੱਖਾਂ ਵਿੱਚ ਅੱਥਰੂ ਆ ਰਹੇ ਸੀ ਅਤੇ ਕਹਿ ਰਹੀ ਸਾਂ- "ਮੇਰੇ ਪ੍ਰਭੂ, ਮੇਰੇ ਸਤਿਗੁਰੂ, ਮੇਰੇ ਸੱਚੇ ਪਾਤਸ਼ਾਹ, ਮੇਰੇ ਤੇ ਕਿਰਪਾ ਕਰੋ, ਤੁਸੀਂ ਮੇਰੇ Boy Friend, ਮੇਰੇ Best Friend ਬਣ ਜਾਉ। ਪਿੰਕੀ ਦੇ Boy friend ਨੇ ਤਾਂ Bina ਤਕ ਉਸਦਾ ਸਾਥ ਦੇਣਾ ਹੈ, ਪਰ ਮੇਰਾ ਗੁਰੂ ਕਹਿੰਦਾ ਹੈ- ਜੇ ਤੂੰ ਪ੍ਰਭੂ ਨੂੰ ਆਪਣਾ Boy Friend ਬਣਾ ਲਵੇਂ, ਤਾਂ ਜਦ ਤਕ ਤੇਰੇ ਸਵਾਸ ਹਨ, ਉਸ ਤੇਰੇ ਨਾਲ ਰਹਿਣਾ ਹੈ, ਤੈਨੂੰ ਕੋਈ ਵੀ ਕਮੀ ਮਹਿਸੂਸ ਨਹੀਂ ਹੋਣ ਦੇਵੇਗਾ। ਇਸ ਲਈ, ਪ੍ਰਭੂ ਕਿਰਪਾ ਕਰੋ, ਮੇਰੇ Friend ਬਣ ਕੇ, ਮੇਰੀਆਂ ਨਲਾਇਕੀਆਂ, ਮੇਰੇ ਅਵਗੁਣ, ਮੇਰੇ ਪਾਪਾਂ ਨੂੰ ਬਖਸ਼ ਲਵੋ। ਮੈਂ ਵਿਸਾਰ ਵੀ ਦੇਵਾਂ, ਤੁਸੀਂ ਨਾ ਵਿਸਾਰੋ, ਮੈਂ ਵਾਰ-ਵਾਰ ਗਿਰਾਂਗੀ, ਪਰ ਆਪ ਨੇ ਦਇਆ ਕਰ ਕੇ ਵਾਰ-ਵਾਰ ਚੁੱਕਣਾ ਹੈ।"

Bina ਪਹੁੰਚ ਕੇ ਪਿੰਕੀ ਤੇ ਉਸਦਾ ਦੋਸਤ ਬਹੁਤ ਉਦਾਸ ਹੋ ਗਏ। ਦੋਨੋਂ ਦੀਆਂ ਅੱਖਾਂ ਨਮ ਹੋ ਗਈਆਂ ਸਨ, ਬਹੁਤ Control ਕਰ ਕੇ ਰਖਿਆ ਸੀ ਉਨ੍ਹਾਂ ਆਪਣੇ ਆਪ ਨੂੰ, ਪਰ ਵਿਛੋੜੇ ਦੀ ਤੜਪ ਨਜ਼ਰ ਆ ਰਹੀ ਸੀ। ਪਰ, ਮੈਂ ਨਾਲਾਇਕ ਪਤਾ ਨਹੀਂ ਕਿਤਨੇ ਜਨਮ ਪ੍ਰਭੂ ਤੋਂ ਵਿਛੜ ਕੇ, ਇਹ ਮਨੁੱਖਾ ਦੇਹੀ ਪਾ ਕੇ ਵੀ, ਪ੍ਰਭੂ ਲਈ ਕੋਈ ਤੜਪ ਨਹੀਂ, ਪਿਆਰ ਨਹੀਂ। ਖਿਆਲ ਆ ਰਿਹਾ ਸੀ ਕਿ ਜੇ ਪ੍ਰਭੂ ਨਾਲ ਮੇਰੀ ਦੋਸਤੀ ਹੋ ਜਾਏ, ਜਿਸ ਹਮੇਸ਼ਾਂ ਮੇਰੇ ਨਾਲ ਰਹਿਣਾ ਹੈ- ਕੇਵਲ Bina ਤਕ ਨਹੀਂ- ਤਾਂ ਇਸ ਮਨੁੱਖਾ ਦੇਹੀ ਵਿੱਚ ਜਨਮ ਲੈਣਾ ਸਫਲ ਹੋ ਜਾਏਗਾ। ਪਰ ਮੈਨੂੰ ਪਤਾ ਹੈ ਪਾਪਾ ਜੀ, ਪ੍ਰਭੂ ਨੇ ਮੇਰਾ ਮਿਤ੍ਰ ਨਹੀਂ ਬਣਨਾ ਕਿਉਂਕਿ ਮੇਰੇ ਵਿੱਚ ਅਉਗਣ ਹੀ ਅਉਗਣ ਹਨ, ਗੁਣ ਇੱਕ ਵੀ ਨਹੀਂ। ਪਾਪਾ ਜੀ, ਪ੍ਰਭੂ ਆਪ ਦਾ ਤਾਂ ਪਿਆਰਾ ਮਿਤ੍ਰ ਬਣ ਗਿਆ ਹੈ, ਪ੍ਰਭੂ ਨੇ ਆਪ ਹੀ ਆਪ ਨੂੰ ਆਪਣਾ ਮਿਤ੍ਰ ਬਣਾਇਆ ਹੈ, ਸੁ ਉਹ ਆਪਨੂੰ ਇੱਕ ਪਲ ਨਹੀਂ ਭੁੱਲਦਾ, ਹਮੇਸ਼ਾਂ ਆਪਦੇ ਅੰਗ ਸੰਗ ਰਹਿੰਦਾ ਹੈ।

ਪਿੰਕੀ ਤੇ ਉਸਦਾ Friend ਵਿੱਚ-ਵਿੱਚ ਕਿਸੇ Station ਤੇ ਉਤਰ ਜਾਂਦੇ ਸਨ ਅਤੇ ਮੈਨੂੰ ਆਪਣੇ ਸਮਾਨ ਦਾ ਖਿਆਲ ਰੱਖਣ ਲਈ ਕਹਿ ਜਾਂਦੇ ਸਨ। ਇਸ ਲਈ ਜਦੋਂ Bina ਤੋਂ ਉਸਦਾ Friend ਵਾਪਸ ਜਾਣ ਲੱਗਾ ਤਾਂ ਮੈਨੂੰ ਕਿਹਾ- "ਹਮ ਨੇ ਆਪਕੋ ਬਹੁਤ ਪ੍ਰੇਸ਼ਾਨ ਕੀਆ।" ਪਰ ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਉਹਨਾਂ ਕੁਛ ਸਮੇਂ ਲਈ ਮੈਨੂੰ ਪ੍ਰਭੂ ਦੀ ਯਾਦ ਬਖਸ਼ੀ ਸੀ।

ਪਾਪਾ ਜੀ, ਬਹੁਤ ਅਉਖਾ ਨਿਕਲਿਆ ਭੋਪਾਲ ਵਿੱਚ ਡੇਢ ਮਹੀਨਾ। Exam ਲਈ ਪੜ੍ਹਦੀ ਸੀ ਤਾਂ ਪ੍ਰਭੂ ਦੂਰ, ਦੂਰ, ਪ੍ਰਭੂ ਦੀ ਪੜ੍ਹਾਈ ਕਰਾਂ ਤਾਂ ਦੂਸਰੀ ਪੜ੍ਹਾਈ ਨਹੀਂ ਸੀ ਹੁੰਦੀ। ਅੱਖਾਂ ਵਿੱਚ ਅਥਰੂ ਆ ਜਾਂਦੇ ਸੀ ਰਹਿਰਾਸ ਸਾਹਿਬ ਦਾ ਪਾਠ ਕਰਨ ਵੇਲੇ- ਸਾਰਾ ਦਿਨ ਦੋਨੋਂ ਪੜ੍ਹਾਈਆਂ ਦੀ ਲੜਾਈ ਵਿੱਚ ਥੱਕ ਕੇ, ਤੇ ਅਰਦਾਸ ਕਰਦੀ ਸਾਂ, ਪ੍ਰਭੂ ਹੁਣ ਆਪ ਹੀ ਕਿਰਪਾ ਕਰੋ:

*"ਹਮ ਤੇ ਕਿਛੁ ਨ ਹੋਇ ਮੇਰੇ ਸੁਆਮੀ*
*ਕਰਿ ਕਿਰਪਾ ਅਪੁਨਾ ਨਾਮ ਦੇਹੁ॥*

(ਪੰਨਾ 675)

ਪਾਪ ਜੀ, ਅੱਜ ਅੰਮ੍ਰਿਤ ਵੇਲੇ TV ਲਗਾਇਆ, ਤਾਂ ਪਿਛੋਂ ਹੀ ਖ਼ਰਾਬੀ ਹੋਣ ਕਰਕੇ ਹਰਿ ਜਸ ਨਹੀਂ ਸੁਣ ਸਕੀ, ਤਬੀਅਤ ਵੀ ਠੀਕ ਨਹੀਂ ਲਗ ਰਹੀ ਸੀ। ਬਸ ਨਿਤਨੇਮ ਦੀ duty ਕਰਕੇ ਸੌਣ ਲਗੀ ਸਾਂ। ਫਿਰ ਪਤਾ ਨਹੀਂ ਮਨ ਨੂੰ ਠੀਕ ਨਹੀਂ ਲਗਾ ਅੰਮ੍ਰਿਤ ਵੇਲੇ ਸੌਂ ਜਾਣਾ। ਅੰਮ੍ਰਿਤ ਕੀਰਤਨ ਪੋਥੀ ਲੈ ਕੇ ਬੈਠੀ ਸ਼ਬਦ ਵੀਚਾਰ ਕਰਨ ਲਈ, ਪੋਥੀ ਖੋਲ੍ਹਦੇ ਹੀ, ਇਹ ਸ਼ਬਦ ਆ ਗਿਆ।

*"ਜਪਿ ਮਨ ਸਤਿਨਾਮੁ ਸਦਾ ਸਤਿਨਾਮੁ॥*
*ਇਛਾ ਪੂਰਕੁ ਸਰਬ ਹਰਿ, ਜਾ ਕੈ ਵਸਿ ਹੈ ਕਾਮਧੇਨਾ॥*
*ਸੋ ਐਸਾ ਹਰਿ ਧਿਆਈਐ ਮੇਰੇ*

*ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ॥...*

(ਪੰਨਾ 669)

ਇਸ ਤਰ੍ਹਾਂ ਇੱਕ ਵਾਰ ਫਿਰ ਮੇਰੇ ਮਨ ਨੂੰ ਪ੍ਰਭੂ ਨੇ ਸਮਝਾਇਆ, ਜੋ ਮਨ ਮੇਰਾ ਦੁਸ਼ਮਨ ਬਣਿਆ ਹੋਇਆ ਹੈ। ਪਾਪਾ ਜੀ, ਆਪ ਮੈਨੂੰ ਰਸਤਾ ਦਿਖਾਓ।

ਮੈਂ ਕਿਵੇਂ ਮਨ ਨੂੰ ਆਪਣਾ ਦੋਸਤ ਬਣਾ ਲਵਾਂ।

ਪਾਪਾ ਜੀ, ਇਸ ਪਾਪੀ ਬੇਟੀ ਲਈ ਅਰਦਾਸ ਕਰਨੀ- ਨਾਮ ਕੀ ਹੈ, ਇਹ ਮੇਰੀ ਸਮਝ ਆ ਜਾਏ। ਮੇਰਾ ਹਾਲ ਤਾਂ "ਮਨ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ" (ਪੰਨਾ 269) ਵਾਲਾ ਹੈ। ਪ੍ਰਭੂ, ਮੇਰੇ ਪਾਪ ਬਖਸ਼ ਲਵੇ ਅਤੇ ਆਪਣੇ ਚਰਨਾਂ ਨਾਲ ਜੋੜ ਲਵੇ।

ਆਪਦੀ ਪਾਪੀ, ਨਾਲਾਇਕ, ਨੀਚ ਬੇਟੀ

*ਪ੍ਰਭੂ ਮੇਰੇ ਤੇ ਕਿਰਪਾ ਕਰਨ, ਐਸੇ ਪ੍ਰਭੂ ਪਿਆਰ ਵਿੱਚ ਰੰਗੇ ਬੱਚਿਆਂ ਦੇ ਜੀਵਨ ਤੋਂ ਪ੍ਰੇਰਣਾ ਲੈ ਕੇ ਵੀ ਸਮਝ ਸਕਾਂ ਕਿ ਜਿੰਦਗੀ ਦਾ ਉਦੇਸ਼ ਪੈਸਾ ਕਮਾਣਾ ਨਹੀਂ ਵਡਿਆਈ ਹਾਸਿਲ ਕਰਨਾ ਨਹੀਂ, ਕੁਰਸੀਆਂ ਨਹੀਂ, ਬਹੁ ਪਰਪੰਚ ਕਰ ਕੇ ਕਮਾਏ ਧਨ ਨਾਲ ਪਰਿਵਾਰ ਦੀ ਪਾਲਣਾ ਵੀ ਨਹੀਂ, ਜਿੰਦਗੀ ਦਾ ਉਦੇਸ਼ ਤਾਂ ਕੇਵਲ ਇਹੋ ਹੈ:*

*ਭਜਹੁ ਗੁੋਬਿੰਦ ਭੂਲਿ ਮਤ ਜਾਹੁ॥ ਮਾਨਸ ਜਨਮ ਕਾ ਏਹੀ ਲਾਹੁ॥ (ਪੰਨਾ 1159)* ■

**ਖ਼ਬਰ**

ਡਾ. ਜੋਗਿੰਦਰ ਸਿੰਘ ਬਾਵਰਾ, ਜਲੰਧਰ ਤੋਂ ਸੂਚਨਾ ਦਿੰਦੇ ਹਨ ਕਿ ਸੰਗੀਤ ਕਲਾ ਮੰਚ ਜਲੰਧਰ ਵਲੋਂ 36ਵਾਂ ਸ਼ਾਸਤਰੀ ਸੰਗੀਤ ਸੰਮੇਲਨ ਗੁਰੂ ਨਾਨਕ ਦੇਵ ਲਾਇਬ੍ਰੇਰੀ ਜੀ.ਟੀ. ਰੋਡ, ਜਲੰਧਰ ਵਿਖੇ ਮਿਤੀ 24 ਅਕਤੂਬਰ 1999 ਨੂੰ ਸ਼ਾਮੀ 3 ਤੋਂ 6:30 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਸ ਵਿੱਚ ਪ੍ਰਸਿੱਧ ਗਾਇਕ ਸ੍ਰੀ ਰਾਜਨ-ਸਾਜਨ ਮਿਸ਼ਰਾ ਦੇ ਸ਼ਗਿਰਦ ਸ੍ਰੀ ਸਾਰਥੀ ਚਟਰਜੀ (ਗਾਇਨ), ਸ੍ਰੀ ਸਈਦ ਜ਼ਫਰ ਖਾਂ (ਸਿਤਾਰ), ਸ੍ਰੀ ਅਕਰਮ ਖਾਂ (ਤਬਲਾ) ਅੰਮ੍ਰਿਤਸਰ ਤੋਂ ਇਲਾਵਾ ਹੋਰ ਕਲਾਕਾਰ ਵੀ ਹਿੱਸਾ ਲੈ ਰਹੇ ਹਨ। ਹੋਰ ਜਾਣਕਾਰੀ ਲਈ ਹੇਠ ਲਿਖੇ ਪਤੇ ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਡਾ. ਜੋਗਿੰਦਰ ਸਿੰਘ ਬਾਵਰਾ, ਈ.ਐਮ. 144, ਰਸਤਾ ਮਹੱਲਾ, ਜਲੰਧਰ**


## I am Work

*I am the foundation of all business.*

*I am the source of all prosperity.*

*I am the parent of all genius.*

*I am the salt that gives life its savour.*

*I laid the foundation of every fortune.*

*I can do more to advance youth than his own parents,*

*be they ever so wealthy.*

*I must be loved before I can bestow my greatest blessings*

*and achieve my greatest ends.*

*Loved, I make life sweet, purposeful & fruitful.*

*I am represented in the humblest savings,*

*in the largest block of investments.*

*All progress springs from me.*

With best compliments from
*a wellwisher*

# ਕੰਠ ਸਾਧਨਾ

ਮਨਪ੍ਰੀਤ ਕੌਰ ★

ਸੰਗੀਤ ਇੱਕ ਕਠਿਨ ਅਤੇ ਸਾਧਨਾ ਮਈ ਕਲਾ ਹੈ। ਹਿੰਦੋਸਤਾਨੀ ਸੰਗੀਤ ਵਿੱਚ ਕੰਠ ਸਾਧਨਾ ਇੱਕ ਮਹੱਤਵਪੂਰਨ ਵਿਸ਼ਾ ਹੈ। ਵਰ੍ਹਿਆਂ ਤੱਕ ਇੱਕ ਯੋਗ ਗੁਰੂ ਦੇ ਨਿਰਦੇਸ਼ਨ ਅਤੇ ਕਠਿਨ ਰਿਆਜ਼ ਤੋਂ ਬਾਅਦ ਹੀ ਸਾਧਕ ਇਸ ਵਿੱਚ ਸਫਲਤਾ ਪ੍ਰਾਪਤ ਕਰ ਸਕਦਾ ਹੈ। ਸੰਗੀਤ ਤੋਂ ਰਸ ਦੀ ਉਤਪਤੀ ਅਤੇ ਸੰਪੂਰਣ ਪ੍ਰਭਾਵ ਮਧੁਰ ਕੰਠ ਤੇ ਅਧਾਰਤ ਹੈ।

*ਕੰਠ ਸਾਧਨਾ ਦੀ ਪਰਿਭਾਸ਼ਾ:*

Voice Culture ਦਾ ਅਰਥ ਅਸੀਂ ਕੰਠ ਸਾਧਨਾ ਤੋਂ ਲੈਂਦੇ ਹਾਂ। 'ਕਲਚਰ' ਸ਼ਬਦ ਦਾ ਹਿੰਦੀ ਰੁਪਾਂਤਰ 'ਸੰਸਕ੍ਰਿਤੀ' ਹੈ, ਜੋ 'ਸੰਸਕ੍ਰੀ' ਧਾਤੂ ਤੋਂ ਬਣਿਆ ਹੈ। ਆਵਾਜ਼ ਨੂੰ ਸਾਧ ਕੇ ਸਾਫ ਅਤੇ ਸ਼ੁੱਧ ਬਣਾਉਣ ਦੀ ਕ੍ਰਿਆ ਕੰਠ ਸੰਸਕ੍ਰਿਤੀ ਜਾਂ ਕੰਠ ਸਾਧਨਾ ਕਹਿਲਾਉਂਦੀ ਹੈ। ਹਾਲਾਂਕਿ ਮਧੁਰ ਆਵਾਜ਼ ਪ੍ਰਮਾਤਮਾ ਦੀ ਦੇਣ ਮੰਨੀ ਗਈ ਹੈ, ਪਰ ਆਵਾਜ਼ ਨੂੰ ਅਭਿਆਸ ਦੁਆਰਾ ਵੀ ਸੰਸਕਾਰਿਤ ਕੀਤਾ ਜਾ ਸਕਦਾ ਹੈ। ਪ੍ਰਮਾਤਮਾ ਦੁਆਰਾ ਮਿਲੀ ਹੋਈ ਆਵਾਜ਼ ਨੂੰ ਵੀ ਸਾਧਨਾ ਦੀ ਜ਼ਰੂਰਤ ਹੁੰਦੀ ਹੈ। ਗਾਇਨ ਨੂੰ ਮਧੁਰ, ਅਕਰਸ਼ਕ ਅਤੇ ਪਰੀਪੂਰਣ ਬਣਾਉਣ ਲਈ ਧੁਨੀ ਤੇ ਪੂਰਣ ਅਧਿਕਾਰ ਹੋਣਾ ਤੇ ਆਵਾਜ਼ ਦਾ ਵਿਕਾਰ ਰਹਿਤ ਹੋਣਾ ਅਤਿ ਜ਼ਰੂਰੀ ਹੈ।

ਇੱਕ ਚੰਗੀ ਸਰੇਸ਼ਠਤਮ ਆਵਾਜ਼ ਦੇ ਸਾਰੇ ਗੁਣ ਕੰਠ ਸਾਧਨਾ ਦਾ ਉਦੇਸ਼ ਹਨ। ਪ੍ਰਾਚੀਨ ਕਾਲ ਵਿੱਚ ਵੀ ਕੰਠ ਸਾਧਨਾ ਦੇ ਸੰਬੰਧ ਵਿੱਚ ਅਨੇਕਾਂ ਯਤਨ ਕੀਤੇ ਜਾਂਦੇ ਸਨ। ਵੈਦਿਕ ਮੰਤਰਾਂ ਤੋਂ ਸਪਸ਼ਟ ਹੈ ਕਿ ਪ੍ਰਾਚੀਨ ਕਾਲ ਵਿੱਚ ਇਨ੍ਹਾਂ ਮੰਤਰਾਂ ਦਾ ਉਚਾਰਣ ਆਵਾਜ਼ ਦੇ ਵਿਸ਼ੇਸ਼ ਲਹਾਓ ਚੜ੍ਹਾਓ ਨਾਲ ਕੀਤਾ ਜਾਂਦਾ ਸੀ, ਮੰਤਰ ਨੂੰ ਪੂਰੀ ਸ਼ਕਤੀ ਦੇ ਨਾਲ ਹੌਲੀ, ਉੱਚੀ, ਨੀਵੀਂ ਸੁਰ ਉੱਤੇ ਉਚਾਰਿਆ ਜਾਂਦਾ ਸੀ। ਸ਼ਾਸਤਰੀ ਗਾਇਕੀ ਵਿੱਚ ਆਵਾਜ਼ ਵਜ਼ਨ ਜਾਂ ਗੂੰਜ, ਠਰੰਮਾ ਅਤੇ ਫਿਰਤ ਇਹ ਤਿੰਨ ਗੁਣ ਬਹੁਤ ਜ਼ਰੂਰੀ ਮੰਨੇ ਗਏ ਹਨ। ਇਹਨਾਂ ਤੋਂ ਇਲਾਵਾ ਆਵਾਜ਼ ਦੀ ਤਾਰਤਾ, ਗੁਣ ਅਤੇ ਧਰਮ ਨੂੰ ਪੂਰੀ ਤਰ੍ਹਾਂ ਪਛਾਣਦਿਆਂ ਹੋਇਆਂ ਹੇਠ ਲਿਖੇ ਗੁਣ ਆਵਾਜ਼ ਵਿੱਚ ਹੋਣੇ ਚਾਹੀਦੇ ਹਨ।

1. *ਸ਼ੁੱਧ ਉਚਾਰਣ:* ਸ਼ਬਦ ਜੋ ਕਿ ਸਵੱਰ ਤੇ ਵਿਅੰਜਨਾਂ ਤੋਂ ਬਣੇ ਹੁੰਦੇ ਹਨ, ਉਨ੍ਹਾਂ ਦਾ ਸੰਬੰਧ ਵੀ ਕੰਠ ਸਾਧਨਾ ਨਾਲ ਜੁੜਿਆ ਹੁੰਦਾ ਹੈ। ਸ਼ਬਦਾਂ ਦੀ ਵਿਸ਼ੇਸ਼ ਧੁਨੀ ਦਾ ਸਹੀ ਉਚਾਰਣ ਸਵਰਾਂ ਦਾ ਸਹੀ ਪ੍ਰਯੋਗ ਕਰਨਾ ਗਾਇਨ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਜ਼ਰੂਰੀ ਹੈ।

2. *ਪੂਰਣ ਸਵਾਸ ਨਿਯੰਤਰਣ:* ਜਿਨ੍ਹਾਂ ਸਾਹ ਤੇ ਕਾਬੂ ਹੋਵੇਗਾ, ਸੁਰ ਉਨ੍ਹਾਂ ਹੀ ਦੀਰਘ੍ਹ ਅਤੇ ਦਮਦਾਰ ਉਚਾਰਿਤ ਹੋ ਸਕੇਗਾ।

3. *ਆਵਾਜ਼ ਨੂੰ ਟਿਕਾਉਣ ਦੀ ਸਮਰੱਥਾ:* ਇਸ ਦਾ ਸੰਬੰਧ ਵੀ ਸਵਾਸ ਨਿਯੰਤਰਣ ਵਿੱਚ ਹੀ ਹੈ। ਹਿੰਦੋਸਤਾਨੀ ਸ਼ਾਸਤਰੀ ਗਾਇਕੀ ਵਿੱਚ ਰਾਗ ਵਿਸਥਾਰ ਸਮੇਂ ਆਵਾਜ਼ ਦਾ ਇਹ ਗੁਣ ਅਤਿਅੰਤ ਲੋੜੀਂਦਾ ਹੈ।

4. *ਉਚਿਤ ਸੁਰ ਸਥਾਨ ਦਾ ਪ੍ਰਯੋਗ:* ਸੁਰ ਦੀ ਸੂਝ-ਬੂਝ ਭਾਵੇਂ ਕੁਦਰਤੀ ਦੇਣ ਮੰਨੀ ਗਈ ਹੈ ਪਰ ਅਭਿਆਸ ਰਾਹੀਂ ਸੁਰ ਦੇ ਉਚਿਤ ਸਥਾਨ ਦੇ ਪ੍ਰਯੋਗ ਬਾਰੇ ਜਾਣਕਾਰੀ ਹਾਸਿਲ ਕੀਤੀ ਜਾ ਸਕਦੀ ਹੈ।

5. *ਆਵਾਜ਼ ਦੀ ਰਵਾਨਗੀ ਅਤੇ ਗਤੀ:* ਆਵਾਜ਼ ਦਾ ਉਤਰਾਵ-ਚੜ੍ਹਾਓ ਅਤੇ ਤਿੰਨਾਂ ਸਪਤਕਾਂ ਵਿੱਚ ਘੁਮਾਓ-ਫਿਰਾਓ ਇੱਕ ਵਿਸ਼ੇਸ਼ ਗੁਣ ਹੈ। ਜਿੱਥੋਂ ਤੱਕ ਸੰਭਵ ਹੋ ਸਕੇ ਆਵਾਜ਼ ਤਿੰਨਾਂ ਸਪਤਕਾਂ ਵਿੱਚ ਬਰਾਬਰ ਫਿਰਤ ਕਰ ਸਕੇ। ਆਵਾਜ਼ ਵਿੱਚ ਕੋਈ ਢਿੱਲਾਪਣ ਜਾਂ ਤਣਾਓ ਮਹਿਸੂਸ ਨਾ ਹੋਵੇ।

6. *ਆਵਾਜ਼ ਦੀ ਘਣਤਾ ਤੇ ਨਿਯੰਤਰਣ:* ਇੱਕ ਸੁਯੋਗ ਆਵਾਜ਼ ਵਿੱਚ ਉਸ ਦੀ ਘਣਤਾ ਤੇ ਨਿਯੰਤਰਣ ਹੋਣਾ ਬਹੁਤ ਜ਼ਰੂਰੀ ਹੈ। ਲੋੜ ਤੋਂ ਵੱਧ ਘਣਤਾ ਹੋਣ ਤੇ ਆਵਾਜ਼ ਕਰਕਸ਼ ਜਾਂ ਚੌੜੀ ਅਤੇ ਘਣਤਾ ਘੱਟ ਹੋਣ ਤੇ ਬਿਲਕੁਲ ਪਤਲੀ ਕਿ ਸੁਣਾਈ ਹੀ ਨਾ ਪਵੇ। ਇਹ ਇੱਕ ਕਮਜ਼ੋਰੀ ਹੈ।

7. *ਕੰਠ ਨੂੰ ਮਧੁਰ ਤੇ ਵਜ਼ਨਦਾਰ ਬਣਾਉਣਾ:* ਇੱਕ ਪ੍ਰਭਾਵਸ਼ਾਲੀ ਆਵਾਜ਼ ਬਣਾਉਣ ਲਈ ਮਧੁਰਤਾ ਦੇ ਨਾਲ-ਨਾਲ ਕੰਠ ਵਿੱਚ ਵਜ਼ਨ ਦਾ ਹੋਣਾ ਸ਼ਾਸ਼ਤਰੀ ਸੰਗੀਤ ਦੇ ਸੰਦਰਭ ਵਿੱਚ ਅਤਿ ਜ਼ਰੂਰੀ ਹੈ।

8. *ਆਵਾਜ਼ ਦਾ ਸਹਿਜ ਸੰਚਾਰ:* ਇੱਕ ਸਧੀ ਹੋਈ ਆਵਾਜ਼ ਵਿੱਚ ਸਹਿਜਤਾ ਤੇ ਸੁਭਾਵਿਕਤਾ ਸ਼ਪਸ਼ਟ ਦਿਖਾਈ ਪਵੇਗੀ। ਸੁਭਾਵਿਕ ਰੂਪ ਵਿੱਚ ਕੀਤਾ ਹੋਇਆ ਗਾਇਨ ਹੀ ਸ਼ਰੋਤਿਆਂ ਤੇ ਪ੍ਰਭਾਵ ਪਾ ਸਕਦਾ ਹੈ।

9. *ਆਵਾਜ਼ ਵਿੱਚ ਇਕਾਰ ਜਾਂ ਮੁਦਰਾ ਦੋਸ਼ ਨਾ*

★ # 129-E, Bhupinder Nagar, Patiala

ਹੋਣਾ: ਆਵਾਜ਼ ਵਿੱਚ ਪੂਰਣ ਸ਼ੁੱਧਤਾ ਲਿਆਉਣ ਲਈ ਇਸ ਦਾ ਕੱਟਣਾ ਜਾਂ ਫਟਣਾ ਹਿਲਣਾ ਜਾਂ ਕੰਪਿਤ ਹੋਣਾ ਆਦਿ ਇਕਾਰ ਦੋਸ਼ ਦਾ ਤਿਆਗ ਹੋਣਾ ਜ਼ਰੂਰੀ ਹੈ। ਨਾਲ ਹੀ ਮੁਖ ਦੀ ਆਕ੍ਰਿਤੀ ਨੂੰ ਵਿਗਾੜ ਕੇ ਗਾਉਣ ਨਾਲ ਉਚਾਰਣ ਅਸਪਸਟ ਤੇ ਵਿਕਾਰ ਪੂਰਣ ਹੋਵੇਗਾ।

*ਕੰਠ ਦੀ ਸਾਧਨਾ:*

ਕੰਠ ਦੀ ਪ੍ਰਕ੍ਰਿਆ ਵਿੱਚ ਸਭ ਤੋ ਪਹਿਲਾ ਪਾਠ ਸੁਰ ਭਰਨ ਦਾ ਹੈ। ਸੁਰ ਭਰਨ ਤੋਂ ਭਾਵ ਹੈ ਠਰੰਮੇ ਨਾਲ ਸੁਰ ਦਾ ਉਚਾਰਨ ਕਰਨਾ। ਸੁਰ ਸਾਧਨਾ ਵਿੱਚ ਸ਼ੜਜ ਸਾਧਨਾ ਦਾ ਵਿਸ਼ੇਸ਼ ਮਹੱਤਵ ਹੈ। ਸ਼ੜਜ ਸੰਪੂਰਣ ਸੰਗੀਤ ਦਾ ਆਧਾਰਿਤ ਸੁਰ ਹੈ, ਅਗਰ ਸ਼ੜਜ ਸੁਰ ਸਾਧਿਆ ਜਾਏ ਤਾਂ ਬਾਕੀ ਸੁਰ ਵੀ ਸਾਧੇ ਜਾ ਸਕਦੇ ਹਨ। ਸੰਗੀਤ ਦੇ ਰਸਕ ਅਤੇ ਪਾਰਖੂ ਕੇਵਲ ਸ਼ੜਜ ਲਗਦਿਆਂ ਹੀ ਗਾਇਕ ਦੀ ਸਮਰੱਥਾ ਤੇ ਸਾਧਨਾ ਦਾ ਅਨੁਮਾਨ ਲਗਾ ਲੈਂਦੇ ਹਨ।

ਸ਼ੜਜ ਸਾਧਨਾ ਦੇ ਨਾਲ ਹੀ ਮੰਦਰ ਸਾਧਨਾ ਉੱਪਰ ਵੀ ਵਿਸ਼ੇਸ਼ ਬਲ ਦਿੱਤਾ ਗਿਆ ਹੈ। ਸ਼ੜਜ ਲਗਾਉਣ ਉਪਰੰਤ ਹੌਲੀ-ਹੌਲੀ ਮੰਦਰ ਦੇ ਸੁਰਾਂ ਦਾ ਉਚਾਰਣ ਕਰਨਾ ਚਾਹੀਦਾ ਹੈ। ਅੰਮ੍ਰਿਤ ਵੇਲੇ ਉੱਠ ਕੇ ਖਾਲੀ ਪੇਟ ਖੁੱਲੀ ਹਵਾ ਵਿੱਚ ਬੈਠ ਕੇ ਮੰਦਰ ਸਪਤਕ ਦੇ ਸਵਰਾਂ ਦਾ ਅਭਿਆਸ ਕਰਨਾ ਚਾਹੀਦਾ ਹੈ। ਹਰੇਕ ਗਾਇਕ ਦੀ ਮੰਦਰ ਦੇ ਸੁਰਾਂ ਤੱਕ ਜਾਣ ਦੀ ਸਮਰੱਥਾ ਵੱਖ-ਵੱਖ ਹੋ ਸਕਦੀ ਹੈ, ਪਰ ਰਿਆਜ਼ ਦੁਆਰਾ ਇਹ ਨਿਸ਼ਚੇ ਹੀ ਵਧਾਈ ਜਾ ਸਕਦੀ ਹੈ। ਆਵਾਜ਼ ਨੂੰ ਸਥਿਰ ਰੱਖਣਾ ਅਤੇ ਪੂਰੇ ਸਾਹ ਨਾਲ ਇਸ ਨੂੰ ਲੰਬਾ ਕਰਨਾ ਮੰਦਰ ਸਾਧਨਾ ਦੇ ਉਦੇਸ਼ ਬਹੁਪੱਖੀ ਹਨ ਇਸ ਨਾਲ ਫੇਫੜਿਆਂ ਨੂੰ ਬਲ ਮਿਲਦਾ ਹੈ। ਆਵਾਜ਼ ਵਜ਼ਨਦਾਰ ਬਣਦੀ ਹੈ ਤੇ ਸੁਰ ਦੀ ਚਮਕ ਵਧਦੀ ਹੈ। ਇੱਕ ਮੱਤ ਇਹ ਵੀ ਮੰਨਿਆ ਹੈ ਕਿ ਜਿੰਨੀ ਅਧਿਕ ਮੰਦਰ ਸਾਧਨਾ ਹੋਵੇਗੀ, ਤਾਰ ਸਪਤਕ ਦੇ ਸੁਰ ਉਨੇ ਹੀ ਸਾਫ ਲਗਣਗੇ। ਮੰਦਰ ਸਾਧਨਾ ਦਾ ਨਿਰੰਤਰ ਅਭਿਆਸ ਵੱਡੀ ਉਮਰ ਤੱਕ ਵੀ ਆਵਾਜ਼ ਨੂੰ ਦਮਦਾਰ ਅਤੇ ਮਧੁਰ ਰੱਖਦਾ ਹੈ। ਮੰਦਰ ਸਪਤਕ ਤੋਂ ਬਾਅਦ ਡੂੰਘਾ ਸਾਹ ਭਰਦਿਆਂ ਹੋਇਆ ਸਾਵਧਾਨੀ ਨਾਲ ਮੱਧ ਸਪਤਕ ਦੇ ਸੁਰਾਂ ਦਾ ਉਚਾਰਨ ਕਰਨਾ ਚਾਹੀਦਾ ਹੈ। ਮੱਧ ਸਪਤਕ ਤੋਂ ਬਾਅਦ ਹੌਲੀ-ਹੌਲੀ ਤਾਰ ਸਪਤਕ ਵੱਲ ਵਧਣਾ ਚਾਹੀਦਾ ਹੈ ਅਤੇ ਆਵਾਜ਼ ਨੂੰ ਸਥਿਰ ਕਰਕੇ ਆਪਣੀ ਸਮਰੱਥਾ ਅਨੁਸਾਰ ਸੁਰਾਂ ਤੇ ਠਹਿਰਣ ਦਾ ਅਭਿਆਸ ਹੋਣਾ ਚਾਹੀਦਾ ਹੈ।

ਅਗਰ ਇਨ੍ਹਾਂ ਤਰੀਕਿਆਂ ਨਾਲ ਸੁਰ ਸਾਧਨਾ ਕੀਤੀ ਜਾਵੇ ਤਾਂ ਸੁਰ ਤੇ ਪੂਰਣ ਨਿਯੰਤਰਣ ਬਣਦਾ ਹੈ, ਆਵਾਜ਼ ਸਾਫ ਤੇ ਸ਼ੁੱਧ ਬਣਦੀ ਹੈ ਤੇ ਤਿੰਨੋਂ ਸਪਤਕਾਂ ਵਿੱਚ ਬਰਾਬਰ ਫਿਰਤ ਕਰਦੀ ਹੈ। ਸੁਰ ਸਾਧਨਾ ਕਰਦਿਆਂ ਹੋਇਆ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਸਮਰੱਥਾ ਤੋਂ ਵੱਧ ਮਿਹਨਤ ਨਾਲ ਆਵਾਜ਼ ਦੀ ਮਧੁਰਤਾ ਨਸ਼ਟ ਹੋ ਸਕਦੀ ਹੈ। ਸਾਰੇ ਸੁਰ ਸੁਭਾਵਿਕ ਰੂਪ ਵਿੱਚ ਅਤੇ ਪ੍ਰਾਕ੍ਰਿਤਕ ਆਵਾਜ਼ ਰਾਹੀਂ ਹੀ ਲਗਾਏ ਜਾਣੇ ਚਾਹੀਦੇ ਹਨ। ਅਭਿਆਸ ਰਾਹੀਂ ਹੀ ਸੁਰ ਸੱਚੇ ਤੇ ਕਰਣਪ੍ਰਿਯ ਬਣਦੇ ਹਨ।

ਅਲੰਕਾਰਾਂ ਤੇ ਪਲਟਿਆਂ ਦਾ ਅਭਿਆਸ ਵੀ ਕੰਠ ਸਾਧਨਾ ਦਾ ਮਹੱਤਵਪੂਰਣ ਅੰਗ ਹੈ। ਅਲੰਕਾਰਾਂ ਦੇ ਨਿਰਮਾਣ ਲਈ ਕਲਪਨਾ ਰਾਹੀਂ ਸੁਰਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਪਲਟਿਆ ਜਾਦਾ ਹੈ ਅਤੇ ਉਨ੍ਹਾਂ ਦੇ ਅਭਿਆਸ ਰਾਹੀਂ ਗਲੇ ਵਿੱਚ ਤਰ੍ਹਾਂ-ਤਰ੍ਹਾਂ ਦੇ ਸੁਰ ਸਮੂਹਾਂ ਨੂੰ ਕੱਢਣ ਦੀ ਸ਼ਕਤੀ ਪੈਦਾ ਹੁੰਦੀ ਹੈ। ਇਸ ਨੂੰ ਵੱਖ-ਵੱਖ ਲੈਅ ਰੂਪਾਂ ਵਿੱਚ ਦੁਗਣ ਚੌਗੁਣ ਵਿੱਚ ਗਾਇਆ ਜਾਂਦਾ ਹੈ। ਤਾਲ ਲਈ ਇਸ ਕਿਸਮ ਦਾ ਅਭਿਆਸ ਅਤਿ ਜ਼ਰੂਰੀ ਹੈ। ਥਾਟ ਵਿੱਚ ਤਬਦੀਲੀ ਕਰਕੇ ਵੀ ਅਲੰਕਾਰਾਂ ਦਾ ਉਚਾਰਣ ਕੀਤਾ ਜਾਂਦਾ ਹੈ। ਵੱਖ-ਵੱਖ ਅਲੰਕਾਰਾਂ ਨੂੰ ਵਿਭਿੰਨ ਥਾਟਾਂ ਵਿੱਚ ਗਾਇਆ ਜਾਂਦਾ ਹੈ। ਇਸ ਪ੍ਰਕਾਰ ਆਵਾਜ਼ ਨੂੰ ਸਥਿਰਤਾ, ਗੂੰਜ, ਰਵਾਨਗੀ ਅਤੇ ਵਜ਼ਨ ਜਿਹੇ ਜ਼ਰੂਰੀ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ।

ਆਵਾਜ਼ ਸਰੀਰ ਵਿੱਚੋਂ ਉਤਪੰਨ ਹੁੰਦੀ ਹੈ। ਇਸ ਲਈ ਆਵਾਜ਼ ਦੇ ਉਤਪਾਦਕ ਸਰੀਰ ਦੀ ਦੇਖਭਾਲ ਵੀ ਜ਼ਰੂਰੀ ਹੈ। ਇੱਕ ਗਾਇਕ ਲਈ ਚੰਗੀ ਸਮਰੱਥਾ ਸ਼ਕਤੀ ਤੇ ਗਹਿਰੇ ਸਾਹ ਦਾ ਹੋਣਾ ਜ਼ਰੂਰੀ ਹੈ ਤੇ ਇਸ ਵਾਸਤੇ ਸਰੀਰ ਦਾ ਤੰਦਰੁਸਤ ਹੋਣਾ ਅਤਿ ਜ਼ਰੂਰੀ ਹੈ। ਅਭਿਆਸ ਕਰਨ ਉਪਰੰਤ ਯੋਗ ਖੁਰਾਕ ਅਤੇ ਕੰਠ ਨੂੰ ਵਧੇਰੇ ਗਰਮ, ਠੰਡੀਆਂ ਵਸਤੂਆਂ ਤੋਂ ਬਚਾਉਣਾ ਲਾਜ਼ਮੀ ਹੈ। ਉੱਤਮ ਸਿਹਤ ਲਈ ਸਰੀਰਕ ਕਸਰਤ ਉੱਪਰ ਸੰਗੀਤ ਵਿਦਵਾਨਾਂ ਨੇ ਬਲ ਦਿੱਤਾ ਹੈ, ਇਸ ਕਸਰਤ ਨਾਲ ਸਰੀਰਕ ਬਲ ਦੇ ਨਾਲ-ਨਾਲ ਆਤਮਿਕ ਬਲ ਵੀ ਮਿਲਦਾ ਹੈ ਅਤੇ ਅਨੁਸ਼ਾਸ਼ਨ ਵੀ ਪੈਦਾ ਹੁੰਦਾ ਹੈ।

ਉਪਰੋਕਤ ਸਾਰੇ ਤੱਥਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਸਹੀ ਅਭਿਆਸ ਵਿਧੀ ਨਾਲ ਜੇ ਕੰਠ ਸਾਧਨਾ ਕੀਤੀ ਜਾਵੇ ਤਾਂ ਨਿਸਚੇ ਹੀ ਇੱਕ ਸੰਪੂਰਣ ਅਤੇ ਸ਼ੁੱਧ ਆਵਾਜ਼ ਪ੍ਰਾਪਤ ਕੀਤੀ ਜਾ ਸਕਦੀ ਹੈ। ਸਾਧਨਾ ਭਾਵੇਂ ਕਠਿਨ ਮਾਰਗ ਹੈ ਪਰ ਕਠਿਨ ਰਾਹ ਤੇ ਚਲ ਕੇ ਹੀ ਉੱਚੀਆਂ ਮੰਜਿਲਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ■

# ਹਜ਼ੂਰੀ ਰਾਗੀ ਭਾਈ ਰਣਧੀਰ ਸਿੰਘ

ਪ੍ਰੋ. ਅਮਰਜੀਤ ਸਿੰਘ ★

ਸੰਸਾਰ ਵਿੱਚ ਸੰਗੀਤ ਕਲਾ ਨੂੰ ਸਿੱਖਣ ਅਤੇ ਵਰਤੋਂ ਵਿੱਚ ਲਿਆਉਣ ਦੀ ਇੱਛਾ ਹਰ ਮਨੁੱਖ ਵਿੱਚ ਹੁੰਦੀ ਹੈ। ਬਚਪਨ ਵਿੱਚ ਹਰ ਕੋਈ ਗਾਉਂਦਾ ਅਤੇ ਨੱਚਦਾ ਹੈ। ਉਸ ਸਮੇਂ ਜੇ ਉਸ ਦੇ ਮਨ ਵਿੱਚ ਪੈਦਾ ਹੋ ਰਹੀ ਇੱਛਾ ਨੂੰ ਉਤਸ਼ਾਹ ਦਿੱਤਾ ਜਾਵੇ ਤਾਂ ਉਹ ਵੱਡਾ ਹੋ ਕੇ ਇੱਕ ਸ਼ਲਾਘਾਯੋਗ ਕਲਾਕਾਰ ਬਣ ਸਕਦਾ ਹੈ ਪਰ ਇਹ ਮੌਕਾ ਕਿਸੇ-ਕਿਸੇ ਨੂੰ ਹੀ ਮਿਲਦਾ ਹੈ। ਬਹੁਤ ਸਾਰੇ ਤਾਂ ਚੰਗਾ ਵਸੀਲਾ, ਚੰਗਾ ਗੁਰੂ ਅਤੇ ਲੋੜੀਂਦਾ ਸ਼ੌਕ ਨਾ ਮਿਲਣ ਕਰਕੇ ਰਾਹ ਵਿੱਚ ਹੀ ਰਹਿ ਜਾਂਦੇ ਹਨ ਅਤੇ ਕੁਝ ਇਸ ਔਕੜ ਨੂੰ ਪੂਰਾ ਕਰ ਸਕਣ ਦੀ ਹਿੰਮਤ ਵੀ ਰੱਖਦੇ ਹਨ। ਇਹੋ ਜਿਹੀਆਂ ਘਾਲਣਾਂ ਵਿੱਚੋਂ ਹੀ ਲੰਘੇ ਹਨ ਭਾਈ ਰਣਧੀਰ ਸਿੰਘ ਜੀ।

ਆਪ ਜੀ ਦਾ ਜਨਮ 2 ਸਤੰਬਰ 1961 ਨੂੰ ਪਿਤਾ ਸ. ਤਰਲੋਕ ਸਿੰਘ ਅਤੇ ਮਾਤਾ ਸੁਰਜੀਤ ਕੌਰ ਦੇ ਘਰ ਪਿੰਡ ਖੇੜੀ ਚਹਿਲਾ (ਸੰਗਰੂਰ) ਵਿਖੇ ਹੋਇਆ। ਜਨਮ ਤੋਂ ਥੋੜੇ ਸਮੇਂ ਬਾਅਦ ਹੀ ਆਪਣੇ ਮਾਤਾ ਪਿਤਾ ਨਾਲ ਡੱਬਵਾਲੀ (ਹਰਿਆਣਾ) ਵਿਖੇ ਸਥਾਈ ਤੌਰ ਤੇ ਆ ਗਏ। ਆਪ ਜੀ ਨੂੰ ਕੀਰਤਨ ਦੀ ਦਾਤ ਵਿਰਸੇ ਵਿੱਚੋਂ ਹੀ ਪ੍ਰਾਪਤ ਹੋਈ। ਆਪ ਜੀ ਦੇ ਪਿਤਾ ਅਤੇ ਚਾਚਾ ਸ. ਸੰਪੂਰਨ ਸਿੰਘ ਜੀ ਗੁਰੂ ਘਰ ਦੇ ਚੰਗੇ ਕੀਰਤਨੀਏ ਸਨ। ਆਪ ਜੀ ਦੀ ਉਮਰ ਅਜੇ 10 ਸਾਲ ਕੁ ਸੀ ਕਿ ਉਸ ਸਮੇਂ ਆਕਾਸ਼ਬਾਣੀ ਤੋਂ ਭਾਈ ਬਖਸ਼ੀਸ਼ ਸਿੰਘ ਜੀ ਦਾ ਕੀਰਤਨ ਕਈ ਵਾਰੀ ਪ੍ਰਸਾਰਤ ਹੁੰਦਾ ਸੀ ਇਹਨਾਂ ਦੇ ਕੀਰਤਨ ਤੋਂ ਇਤਨਾ ਪ੍ਰਭਾਵਤ ਹੋਏ ਕਿ ਇਹਨਾਂ ਵਲ ਖਿੱਚੇ ਗਏ ਅਤੇ ਇਨ੍ਹਾਂ ਨੂੰ ਹੀ ਮਨ ਵਿੱਚ ਆਪਣਾ ਉਸਤਾਦ ਧਾਰ ਕੇ ਗਾਇਨ ਸ਼ੈਲੀ ਅਪਣਾਈ।

ਆਪ ਦੇ ਮਨ ਵਿੱਚ ਕਈ ਉਮੰਗਾਂ ਉਠਦੀਆਂ ਰਹੀਆਂ ਕਿ ਆਪਣੇ ਉਸਤਾਦ ਦੇ ਸਨਮੁਖ ਹੋ ਕੇ ਗੁਰਬਾਣੀ ਦੀਆਂ ਸੰਗੀਤਕ ਧੁਨਾਂ ਦੀ ਸੂਝ ਪ੍ਰਾਪਤ ਹੋਵੇ। ਇਹ ਉਮੰਗ ਜਲਦੀ ਹੀ ਪੂਰੀ ਹੋਈ ਕਿ 1985 ਨੂੰ ਗੋਨਿਆਣਾ ਮੰਡੀ ਵਿਖੇ ਕੀਰਤਨ ਦਰਬਾਰ ਹੋਇਆ ਤੇ ਭਾਈ ਬਖਸ਼ੀਸ਼ ਸਿੰਘ ਜੀ ਨਾਲ ਤਕਰੀਬਨ 20-25 ਮਿੰਟ ਕੀਰਤਨ ਕਰਨ ਦਾ ਸੰਗ ਪ੍ਰਾਪਤ ਹੋਇਆ। ਇਸ ਤਰ੍ਹਾਂ ਆਪ ਜੀ ਨੂੰ ਭਾਈ ਸਾਹਿਬ ਜੀ ਨੇ ਬਹੁਤ ਉਤਸਾਹਤ ਕੀਤਾ।

ਇੱਕ ਵਾਰੀ ਫਗਵਾੜਾ ਸ਼ਹਿਰ ਵਿਖੇ ਕੀਰਤਨ ਦਰਬਾਰ ਵਿਖੇ ਆਪ ਕੀਰਤਨ ਕਰ ਰਹੇ ਸਨ ਕਿ ਬਾਬਾ ਸੁੱਚਾ ਸਿੰਘ ਜਵੱਦੀ ਕਲਾਂ ਵਾਲੇ ਭੀ ਆਏ ਹੋਏ ਸਨ ਕਿ ਬਾਬਾ ਜੀ ਨੇ ਸਮਝਿਆ ਕਿ ਭਾਈ ਬਖਸ਼ੀਸ਼ ਸਿੰਘ ਜੀ ਦੀ ਕੈਸਟ ਚਲ ਰਹੀ ਹੈ। ਪਰ ਜਦੋਂ ਪਤਾ ਲੱਗਾ ਤਾਂ ਬਾਬਾ ਜੀ ਬਹੁਤ ਹੈਰਾਨ ਹੋਏ ਕਿ ਭਾਈ ਬਖਸ਼ੀਸ਼ ਸਿੰਘ ਜੀ ਦੀ ਹੂ-ਬ-ਹੂ ਗਾਇਕੀ ਹੈ।

1986 ਨੂੰ ਇੱਕ ਵਾਰ ਆਪ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਕੀਰਤਨ ਕੀਤਾ ਤਾਂ ਭਾਈ ਬਲਬੀਰ ਸਿੰਘ ਜੀ ਰਾਗੀ ਭੀ ਕੀਰਤਨ ਸੁਣ ਕੇ ਪ੍ਰਭਾਵਤ ਹੋਏ। ਇਸ ਤਰ੍ਹਾਂ ਨੇੜਤਾ ਹੋਣ ਨਾਲ ਸਮੇਂ-ਸਮੇਂ ਆਪ ਇਨ੍ਹਾਂ ਤੋਂ ਭੀ ਸੰਗੀਤਕ ਡੂੰਘਾਈਆਂ ਦੀ ਸੂਝ-ਬੂਝ ਪ੍ਰਾਪਤ ਕਰਦੇ ਰਹੇ। ਆਪ ਦੀ ਕਲਾ ਕੁਸ਼ਲਤਾ ਸਦਕਾ ਆਪ ਨੇ ਕਈ ਮਾਨ ਸਨਮਾਨ ਪ੍ਰਾਪਤ ਕੀਤੇ।

ਕੁਝ ਸਮਾਂ ਆਪ ਸਿੰਘ ਸਭਾ ਡੱਬਵਾਲੀ ਵਿਖੇ ਕੀਰਤਨ ਦੀ ਸੇਵਾ ਕੀਤੀ। 1986 ਵਿੱਚ ਗੁ: ਧਮਧਾਨ ਸਾਹਿਬ (ਜੀਂਦ) ਅਤੇ 1989 ਤੋਂ ਅੱਜ ਤੱਕ ਸਿੱਖਾਂ ਦੇ ਪੰਜਵੇਂ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ (ਬਠਿੰਡਾ) ਵਿਖੇ ਹਜ਼ੂਰੀ ਰਾਗੀ ਦੀ ਸੇਵਾ ਕਰ ਰਹੇ ਹਨ। ਆਪ ਦੇ ਨਾਲ ਭਾਈ ਜਸਵੀਰ ਸਿੰਘ ਸਹਾਇਕ ਅਤੇ ਭਾਈ ਅਨੂਪ ਸਿੰਘ ਜੋੜੀ ਵਜਾਉਣ ਦੀ ਸੇਵਾ ਕਰ ਰਹੇ ਸਨ।

ਆਪ ਜੀ ਦਾ ਨਿਸ਼ਾਨਾ ਗੁਰਬਾਣੀ ਨੂੰ ਨਿਰਧਾਰਤ ਰਾਗਾਂ ਵਿੱਚ ਗਾਉਣਾ ਅਤੇ ਇਸ ਨੂੰ ਵੱਧ ਤੋਂ ਵੱਧ ਪ੍ਰਚਾਰ ਕਰਨਾ ਹੈ। ਭਾਈ ਬਖਸ਼ੀਸ਼ ਸਿੰਘ ਜੀ ਅਤੇ ਬਲਬੀਰ ਸਿੰਘ ਪਾਸੋਂ ਜੋ ਪੁਰਾਤਨ ਬੰਦਸ਼ਾਂ ਦਾ ਅਮੋਲਕ ਖ਼ਜ਼ਾਨਾ ਪ੍ਰਾਪਤ ਹੋਇਆ ਹੈ ਆਪ ਜੀ ਦੀ ਤੀਬਰ ਇੱਛਾ ਹੈ ਕਿ ਉਸ ਨੂੰ ਵੱਧ ਤੋਂ ਵੱਧ ਪ੍ਰਚਾਰਿਆ ਜਾਵੇ। ਆਪ ਜੀ ਦੀ ਇਹ ਇੱਛਾ ਵਾਹਿਗੁਰੂ ਪੂਰੀ ਕਰੇਗਾ। ■

★ ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ, ਤਲਵੰਡੀ ਸਾਬੋ (ਬਠਿੰਡਾ)

**ਅੰਮ੍ਰਿਤ ਕੀਰਤਨ ਨੂੰ ਨਿਖਾਰਨ ਦਾ ਯਤਨ ਇੱਕ ਲਗਾਤਾਰ ਚਲਦੀ ਹੋਈ ਮੁਹਿੰਮ ਹੈ।**

**ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਤੁਹਾਡੇ ਸੁਝਾਵਾਂ ਦਾ ਸੁਆਗਤ ਹੈ।**

## ਪੁਸਤਕ ਚਰਚਾ

**ਪੁਸਤਕ : ਗੁਰਮਤਿ ਸੰਗੀਤ ਪੱਧਤੀ ਵਿੱਚ ਗਉੜੀ ਦੇ ਪ੍ਰਕਾਰ** **ਲੇਖਕ : ਉਸਤਾਦ ਸੁਰਜੀਤ ਸਿੰਘ**

ਪੰਨੇ : 112 ਕੀਮਤ : 80 ਰੁਪਏ

ਪ੍ਰਕਾਸ਼ਕ : ਕਲਗੀਧਰ ਟ੍ਰੱਸਟ, ਸੰਤ ਅਤਰ ਹਰੀ ਸਾਧੂ ਆਸ਼ਰਮ, ਗੁਰਦੁਆਰਾ ਬੜੂ ਸਾਹਿਬ (ਹਿਮਾਚਲ ਪ੍ਰਦੇਸ਼)

**• ਰੀਵੀਊਕਾਰ : ਡਾ. ਗੁਰਮੀਤ ਸਿੰਘ ਬੈਦਵਾਣ ★**

ਉਸਤਾਦ ਸੁਰਜੀਤ ਸਿੰਘ ਸੰਗੀਤ ਕਲਾ ਦੇ ਉਸਤਾਦ ਹਨ। ਅੱਜ ਕੱਲ੍ਹ ਗੁਰਦੁਆਰਾ ਜਨਮ ਅਸਥਾਨ ਪਿੰਡ ਤੇ ਡਾਕਘਰ ਚੀਮਾ ਤਹਿਸੀਲ ਸੁਨਾਮ ਜਿਲ੍ਹਾ ਸੰਗਰੂਰ ਵਿਖੇ ਰਹਿ ਰਹੇ ਹਨ। ਹਥਲੀ ਪੁਸਤਕ- 'ਗੁਰਮਤਿ ਸੰਗੀਤ ਪੱਧਤੀ ਵਿੱਚ ਗਉੜੀ ਦੇ ਪ੍ਰਕਾਰ' ਉਹਨਾਂ ਦੀ ਦੂਜੀ ਕ੍ਰਿਤ ਹੈ। ਇਸ ਤੋਂ ਪਹਿਲਾਂ ਉਹ ਤਬਲੇ ਦੇ ਸੰਬੰਧ ਵਿੱਚ ਵਡ ਅਕਾਰੀ ਪੁਸਤਕ- 'ਤਾਲ ਰਤਨ' ਗੁਰਮਤਿ ਸੰਗੀਤ ਦੇ ਪਾਠਕਾਂ ਲਈ ਦੇ ਚੁੱਕੇ ਹਨ ਅਤੇ ਜਿਸ ਦਾ ਸੰਗੀਤ ਜਗਤ ਵੱਲੋਂ ਭਰਪੂਰ ਸੁਆਗਤ ਹੋਇਆ ਹੈ। ਪਿਛਲੇ ਦੋ ਦਹਾਕੇ ਤੋਂ ਡੇਰਾ ਰੂਮੀ ਵਿਖੇ ਬੱਚਿਆਂ ਨੂੰ ਕੀਰਤਨ ਸਿਖਾਉਣ ਦੀ ਸੇਵਾ ਨਿਭਾ ਰਹੇ ਹਨ। ਇੰਨੇ ਲੰਬੇ ਅਭਿਆਸ ਸਦਕਾ ਉਹਨਾਂ ਨੇ ਗਉੜੀ ਦੇ ਪ੍ਰਕਾਰਾਂ ਬਾਰੇ ਜਾਣਕਾਰੀ ਦਿੰਦੇ ਹੋਏ ਸੰਗੀਤ ਸਿੱਖਿਆ ਦੇ ਖੇਤਰ ਵਿੱਚ ਇਸ ਪੁਸਤਕ ਰਾਹੀਂ ਵਡਮੁੱਲੀ ਸੇਵਾ ਕੀਤੀ ਹੈ।

ਪੁਸਤਕ ਵਿੱਚ ਲੇਖਕ ਨੇ ਭਾਈ ਮਰਦਾਨਾ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੇ ਰਾਗ ਤੇ ਸੰਗੀਤ ਦੀ ਗੱਲ ਅਰੰਭੀ ਹੈ। ਸਹਿਜ ਭਾਵ ਨਾਲ ਬਾਬੇ ਨਾਨਕ ਮੁਖੋਂ ਬਾਣੀ ਉਚਰਨ ਨਾਲ ਮਰਦਾਨੇ ਦਾ ਸਹਿਜ ਭਾਵ ਨਾਲ ਰਬਾਬ ਨੂੰ ਗੁਰੂ ਸਾਹਿਬ ਨਾਲ ਇਕਸੁਰ ਕਰਨਾ ਅਸਲ ਵਿੱਚ ਪ੍ਰਕ੍ਰਿਤੀ ਦੇ ਮੰਤਰ ਮੁਗਧ ਹੋਣ ਵਾਲੀ ਗੱਲ ਸੀ। ਅਜਿਹੀਆਂ ਮਿਸਾਲਾਂ ਨੂੰ ਸਨਮੁਖ ਰੱਖਦੇ ਹੋਏ ਲੇਖਕ ਨੇ ਟਕਸਾਲੀ ਉਸਤਾਦਾਂ ਦੁਆਰਾ ਸਿਖਾਏ ਜਾਣ ਵਾਲੇ ਕੀਰਤਨ ਨੂੰ ਤਰਜੀਹ ਦਿੱਤੀ ਹੈ।

ਉਸਤਾਦ ਸੁਰਜੀਤ ਸਿੰਘ ਕੋਲ ਪ੍ਰਾਚੀਨ ਗੀਤਾਂ ਤੇ ਬੰਦਸ਼ਾਂ ਦਾ ਵੀ ਅਥਾਹ ਭੰਡਾਰ ਹੈ। ਉਹ ਪ੍ਰਾਚੀਨ ਗੀਤਾਂ ਤੇ ਬੰਦਸ਼ਾਂ ਨੂੰ 'ਰਾਗ ਰਤਨ' ਦੇ ਰੂਪ ਵਿੱਚ ਸੰਗਤਾਂ ਤੀਕ ਪਹੁੰਚਾਉਣ ਦਾ ਉਪਰਾਲਾ ਕਰ ਰਹੇ ਹਨ। ਸੰਗੀਤ ਦੀ ਦੁਨੀਆਂ ਵਿੱਚ ਨਵੇਂ-ਨਵੇਂ ਮਾਅਰਕੇ ਮਾਰਨ ਵਾਲੀਆਂ ਪੁਸਤਕਾਂ ਤਿਆਰ ਕਰਨ ਅਤੇ ਉਸਤਾਦ ਸੁਰਜੀਤ ਸਿੰਘ ਵਰਗੇ ਉਸਤਾਦ ਪੈਦਾ ਕਰਨ ਲਈ 'ਦੀ ਕਲਗੀਧਰ ਟਰਸਟ, ਸੰਤ ਅਤਰ ਹਰੀ ਸਾਧੂ ਆਸ਼ਰਮ' ਗੁਰਦੁਆਰਾ ਬੜੂ ਸਾਹਿਬ, ਜਿਲ੍ਹਾ ਸਿਰਮੌਰ (ਹਿਮਾਚਲ ਪ੍ਰਦੇਸ਼) ਦਾ ਬਹੁਤ ਵੱਡਾ ਹੱਥ ਹੈ। ਇਸ ਟਕਸਾਲ ਦਾ ਸਿੱਖਿਆ ਦੇ ਖੇਤਰ ਵਿੱਚ ਸਭਿਆਚਾਰ ਦੀ ਸੇਵਾ ਸੰਭਾਲ ਤੋਂ ਬਿਨਾਂ ਨੈਤਿਕ ਕਦਰਾਂ ਕੀਮਤਾਂ ਨੂੰ ਬਣਾਈ ਰੱਖਣ ਲਈ ਵੀ ਵਿਸ਼ੇਸ਼ ਯੋਗਦਾਨ ਹੈ।

ਇਹ ਪੁਸਤਕ ਲੇਖਕ ਦੀ ਖੋਜ ਭਰਪੂਰ ਬਿਰਤੀ ਦਾ ਭਾਵਪੂਰਤ ਕਾਰਜ ਹੈ। ਗਉੜੀ ਦੇ ਗਿਆਰਾਂ ਪ੍ਰਕਾਰਾਂ ਦੀ ਜਾਣਕਾਰੀ ਉਹਨਾਂ ਦੇ ਪ੍ਰਚੱਲਤ ਅਤੇ ਅਪ੍ਰਚੱਲਤ ਤਾਲਾਂ ਵਿੱਚ ਉਪਲਬਧ ਹੈ। ਗਉੜੀ ਰਾਗ ਬਾਰੇ ਜਾਣਕਾਰੀ ਦਿੰਦੇ ਸਮੇਂ ਲੇਖਕ ਦਾ ਇਹ ਯਤਨ ਵੀ ਰਿਹਾ ਹੈ ਕਿ ਜਿਹਨਾਂ ਰਾਗਾਂ ਦੇ ਪਹਿਲਾਂ ਸਰੂਪ ਹੀ ਮਿਲਦੇ ਸਨ ਉਹਨਾਂ ਦੀਆਂ ਬੰਦਸ਼ਾਂ ਉਹਨਾਂ ਆਪ ਤਿਆਰ ਕੀਤੀਆਂ। ਜਿਹੜੇ ਗਉੜੀ ਰਾਗ ਪੁਸਤਕ ਵਿੱਚ ਵਿਚਾਰੇ ਗਏ ਹਨ ਉਹਨਾਂ ਵਿੱਚ ਗਉੜੀ ਜਾਂ ਸ਼ੁੱਧ ਗਉੜੀ, ਗਉੜੀ ਗੁਆਰੇਰੀ, ਗਉੜੀ ਦੱਖਣੀ, ਗਉੜੀ ਚੇਤੀ, ਗਉੜੀ ਬੈਰਾਗਨ, ਗਉੜੀ ਪੂਰਬੀ ਦੀਪਕੀ, ਗਉੜੀ ਪੂਰਬੀ, ਗਉੜੀ ਮਾਝ, ਗਉੜੀ ਮਾਲਾ ਅਤੇ ਗਉੜੀ ਭੀ ਸੋਰਠਿ ਭੀ ਆਦਿ ਪ੍ਰਮੁੱਖ ਹਨ।

ਪੁਸਤਕ ਦੀ ਭਾਵਨਾ ਅਨੁਸਾਰ ਲੇਖਕ ਦੀ ਦ੍ਰਿੜਤਾ ਇਸ ਦਿਸ਼ਾ ਵੱਲ ਵਧੇਰੇ ਕਾਰਗਰ ਹੁੰਦੀ ਹੈ ਕਿ ਜਿਹੜੇ ਰਾਗਾਂ ਦੇ ਸਰੂਪ ਗੁਰੂ ਕਾਲ ਵਿੱਚ ਪ੍ਰਚੱਲਤ ਸਨ ਉਹਨਾਂ ਨੂੰ ਵਰਤਮਾਨ ਵਿੱਚ ਉਸੇ ਰੂਪ ਵਿੱਚ ਸਾਂਭਣ ਦੀ ਲੋੜ ਹੈ। ਸੰਗੀਤ ਕਲਾ ਦੀ ਪੱਧਤੀ ਪ੍ਰਤੀ ਅਜਿਹੇ ਯੋਗਦਾਨ ਸਦਕਾ ਲੇਖਕ ਵਧਾਈ ਦਾ ਪਾਤਰ ਹੈ। ਸੰਗੀਤ ਪ੍ਰੇਮੀਆਂ ਲਈ ਇਹ ਪੁਸਤਕ ਨਵੀਂ ਕਿਰਨ ਲੈ ਕੇ ਹਾਜ਼ਰ ਹੋਈ ਹੈ।

ਇਸ ਪੁਸਤਕ ਨਾਲ ਜਿੱਥੇ ਪਰੰਪ੍ਰਾਗਤ ਰਾਗਾਂ ਦੀ ਜਾਣਕਾਰੀ ਹਾਸਿਲ ਹੁੰਦੀ ਹੈ ਉੱਥੇ ਇਹ ਪੁਸਤਕ ਖੋਜ ਦੀਆਂ ਨਵੀਆਂ ਸੰਭਾਵਨਾਵਾਂ ਵੀ ਆਪਣੇ ਵਿੱਚ ਸਮੋਈ ਬੈਠੀ ਹੈ।

---

★ ਪਿੰਡ ਬਾਸੀਆਂ ਬੈਦਵਾਣ, ਡਾ. ਮੱਛਲੀ ਕਲਾਂ, ਜਿਲ੍ਹਾ ਫਤਹਿਗੜ੍ਹ ਸਾਹਿਬ

• ਰੀਵੀਊਕਾਰ : ਗੁਰਜੰਤ ਸਿੰਘ ਰਾਹੀ ★

ਸੰਗੀਤ ਰੂਹ ਦੀ ਖ਼ੁਰਾਕ ਹੈ ਸੰਗੀਤ ਨਾਲ ਮਨੁੱਖੀ ਮਨ ਵਜਦ ਵਿੱਚ ਆ ਜਾਂਦਾ ਹੈ। ਜੇ ਸੰਗੀਤ ਦੀਆਂ ਸੁਰਾਂ ਵਿੱਚ ਧੁਰ ਕੀ ਬਾਣੀ ਨੂੰ ਪਰੋ ਕੇ ਗਾਇਆ ਜਾਵੇ ਤਾਂ ਅਜਿਹਾ ਸੰਗੀਤ ਭਵ ਸਾਗਰ ਤਰਨ ਦਾ ਬੋਹਿਥ ਬਣ ਸਕਦਾ ਹੈ। ਜਗਤ ਗੁਰੂ, ਗੁਰੂ ਨਾਨਕ ਦੇਵ ਜੀ ਨੇ ਇਸ ਵਿਚਾਰ ਨੂੰ ਅਮਲ ਵਿੱਚ ਲਿਆਂਦਾ। ਧੁਰ ਕੀ ਬਾਣੀ ਨੂੰ ਸਮੇਂ ਅਤੇ ਸਥਾਨ ਦੇ ਲੋਕ ਪ੍ਰੀਆ ਰਾਗਾਂ ਵਿੱਚ ਗਾਇਨ ਕਰਕੇ ਨਵੀਂ ਪ੍ਰੰਪਰਾ ਸ਼ੁਰੂ ਕੀਤੀ ਜਿਸ ਨੂੰ ਕਿ ਬਾਦ ਵਿੱਚ ਗੁਰਮਤਿ ਸੰਗੀਤ ਪੱਧਤੀ ਕਿਹਾ ਗਿਆ। ਇਸ ਦੇ ਮਿਕਨਾਤੀਸੀ ਅਸਰ ਨੇ ਮਾਨਵਤਾ ਨੂੰ ਵਧੇਰੇ ਪ੍ਰਭਾਵਿਤ ਕੀਤਾ। ਸ਼ਬਦ ਦੇ ਇੱਕ ਤੀਰ ਨੇ ਹੀ ਠੱਗ ਨੂੰ ਸਜਣ ਬਣਾ ਦਿੱਤਾ। ਧਨਾਸਰੀ ਰਾਗ ਵਿੱਚ ਗਾਈ ਆਰਤੀ ਨੇ ਕਰਮਕਾਂਡੀ ਪੰਡਤਾਂ ਦੇ ਮਨ ਦੇ ਕਪਾਟ ਖੋਹਲ ਦਿਤੇ ਅਤੇ ਆਰਤੀ ਦਾ ਅਸਲ ਮਨੋਰਥ ਦ੍ਰਿੜ ਕਰਵਾਇਆ। ਸ਼ੁਰੂ ਤੋਂ ਲੈਂ ਕੇ ਹੁਣ ਤੱਕ ਗੁਰੂ ਘਰ ਦੇ ਸਾਰੇ ਕੀਰਤਨੀਏ, ਰਾਗੀ, ਰਬਾਬੀ ਨਿਰਧਾਰਤ ਰਾਗਾਂ ਵਿੱਚ ਗੁਰਬਾਣੀ ਗਾਇਨ ਕਰ ਰਹੇ ਹਨ। ਅਜਿਹਾ ਕੀਰਤਨ ਹੀ ਸੁਰਤ ਤੇ ਸ਼ਬਦ ਦਾ ਮੇਲ ਕਰਵਾ ਕੇ ਲੋਕ ਸੁਖੀਏ ਪਰਲੋਕ ਸੁਹੇਲੇ ਵਾਲੀ ਅਵਸਥਾ ਤੇ ਪਹੁੰਚਾ ਸਕਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸਾਰੇ ਰਾਗ ਭਾਰਤੀ ਸੰਗੀਤ ਪੱਧਤੀ (ਉੱਤਰੀ-ਦੱਖਣੀ) ਵਿੱਚ ਪ੍ਰਚੱਲਤ ਹਨ। ਪਰ ਬਹੁਤ ਸਾਰੇ ਰਾਗ ਭਾਰਤੀ ਸੰਗੀਤ ਵਿੱਚੋਂ ਅਲੋਪ ਹੋ ਚੁੱਕੇ ਹਨ। ਪਰ ਗੁਰਮਤਿ ਦੇ ਸੰਗੀਤ ਅਚਾਰੀਆਂ, ਗੁਰਮਤਿ ਕੀਰਤਨੀਆਂ ਕੋਲ ਇਹ ਖਜਾਨਾ ਸੀ ਸਿਨਾਬ-ਸੀਨਾ ਸੁਰੱਖਿਅਤ ਪਿਆ ਹੈ।

ਅੱਜ ਗੁਰਮਤਿ ਸੰਗੀਤ ਉੱਪਰ ਵੀ ਸਿਨੇਮਾ ਸੰਗੀਤ ਅਤੇ ਪੱਛਮੀ ਸੰਗੀਤ ਦੀਆਂ ਧੁਨਾਂ ਆਪਣਾ ਅਸਰ ਪਾ ਰਹੀਆਂ ਹਨ। ਅਜੋਕੇ ਕੀਰਤਨ ਉਪਰ ਇਹ ਪ੍ਰਭਾਵ ਸਾਫ ਦਿਖਾਈ ਦਿੰਦਾ ਹੈ। ਭਾਵੇਂ ਇਹ ਪ੍ਰਭਾਵ ਥੋੜਾ ਚਿਰ ਹੁੰਦਾ ਹੈ। ਪਰ ਅੱਗ ਲਗਣ ਤੇ ਖੂਹ ਨਹੀਂ ਪੁੱਟਿਆ ਜਾ ਸਕਦਾ। ਸਿਆਣਪ ਇਸ ਵਿੱਚ ਹੀ ਹੈ ਕਿ ਆਪਣਾ ਵਿਰਸਾ ਸਮੇਂ ਸਿਰ ਸੰਭਾਲਿਆ ਜਾਵੇ। ਦਰਵੇਸ਼ ਸੰਗੀਤ ਅਚਾਰੀਆ ਉਸਤਾਦ ਸੁਰਜੀਤ ਸਿੰਘ ਜੀ ਸਮੇਂ ਸਿਰ ਬਹੁਤ ਵਧੀਆ ਤੇ ਸਲਾਘਾਯੋਗ ਯਤਨ ਕੀਤਾ ਹੈ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਰਾਗ ਗਉੜੀ ਦੇ ਪ੍ਰਕਾਰ ਜੋ ਗਿਣਤੀ ਵਿੱਚ 14 ਹਨ। ਜਿਨ੍ਹਾਂ ਵਿੱਚੋਂ ਮੁਸ਼ਕਿਲ ਨਾਲ ਚਾਰ-ਪੰਜ ਪ੍ਰਕਾਰ ਹੀ ਭਾਰਤੀ ਸੰਗੀਤ ਵਿੱਚ ਪ੍ਰਚੱਲਤ ਹਨ ਬਾਕੀ ਅਲੋਪ ਹੋ ਗਏ। ਕਿਤੇ ਅਜਿਹਾ ਨਾ ਹੋਵੇ ਕਿ ਇਹ ਰਾਗ ਗੁਰਮਤਿ ਸੰਗੀਤ ਪੱਧਤੀ ਚੋਂ ਵੀ ਮਨਫੀ ਹੋ ਜਾਣ। ਇਸ ਕਰਕੇ ਭਾਈ ਸੁਰਜੀਤ ਸਿੰਘ (ਉਸਤਾਦ) ਜੀ ਨੇ ਗਉੜੀ ਦੇ ਪ੍ਰਕਾਰ ਨਾਂ ਦੀ ਪੁਸਤਕ ਲਿਖੀ ਜਿਸ ਵਿੱਚ ਗਉੜੀ ਦੇ ਬਾਰਾਂ ਪ੍ਰਕਾਰ ਦਰਜ ਕੀਤੇ ਹਨ। ਹਰ ਰਾਗ ਬਾਰੇ ਮੁਢਲੀ ਜਾਣਕਾਰੀ ਰਾਗ ਦਾ ਸਰੂਪ ਅਲਾਪ ਅਤੇ ਤਾਨਾਂ ਦਰਜ ਕਰਨ ਤੋਂ ਬਿਨ੍ਹਾਂ ਹਰ ਰਾਗ ਦੀ ਪ੍ਰਾਚੀਨ ਸ਼ਾਨ ਤੇ ਬੰਦਸਾਂ ਵੱਖ-ਵੱਖ ਤਾਲਾਂ ਵਿੱਚ ਦਰਜ ਕੀਤੀਆਂ ਹਨ।

ਰਾਗ ਗਉੜੀ ਪੂਰਬੀ ਦੀਪਕੀ ਰਾਗ ਜਿਸ ਦੀ ਰਚਨਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ "ਜੈ ਘਰਿ ਕੀਰਤ ਆਖੀਐ" ਵਾਲਾ ਸ਼ਬਦ ਗਾ ਕੇ ਕੀਤੀ। ਇਸ ਰਾਗ ਦੀ ਵਰਤੋਂ ਕਿਸੇ ਹੋਰ ਗੁਰ ਵਿਆਕਤੀ ਨੇ ਨਹੀਂ ਕੀਤੀ। ਭਾਰਤੀ ਸੰਗੀਤ ਵਿੱਚ ਇਸ ਰਾਗ ਦਾ ਕੋਈ ਵਰਨਣ ਨਹੀਂ। ਭਾਵੇਂ ਇਸ ਰਾਗ ਦੇ ਨਾਂ ਤੋਂ ਤਿਨ ਰਾਗ ਗਉੜੀ+ਪੂਰਬੀ+ਦੀਪਕੀ ਦੇ ਸੁਮੇਲ ਦਾ ਭੁਲੇਖਾ ਪੈਂਦਾ ਹੈ। ਪਰ ਇਸ ਰਾਗ ਦੀ ਆਪਣੀ ਵੱਖਰੀ ਪਹਿਚਾਣ ਹੈ। ਏਸੇ ਤਰ੍ਹਾਂ ਗਉੜੀ ਮਾਲਾ ਤੇ ਗਉੜੀ ਮਾਲਵਾ ਅਪ੍ਰਚਲਤ ਰਾਗ ਹਨ। ਗਉੜੀ ਮਾਲਾ ਵਿੱਚ ਤੀਵਰ, ਮਾਧਿਅਮ ਤੇ ਨਿਖਾਦ ਦੀ ਵਰਤੋਂ ਇਸਨੂੰ ਗਉੜੀ ਮਾਲਵਾ ਤੋਂ ਵੱਖ ਕਰਦੀ ਹੈ। ਗਉੜੀ ਭੀ ਸੋਰਠਿ ਭੀ ਵਿੱਚ ਆਰੋਹ ਗਉੜੀ ਅਵਰੋਹ ਸੋਰਠਿ ਦੀ ਇੱਕ ਜਟਲ ਰਾਗ ਹੈ। ਗਉੜੀ ਦੀਪਕੀ ਅਪ੍ਰਚਲਤ ਰਾਗ ਹੈ। ਗੁਰਮਤਿ ਸੰਗੀਤ ਵਿੱਚ ਇਸ ਦੇ ਦੋ ਪ੍ਰਕਾਰ ਇੱਕ ਕਾਫੀ ਅੰਗ ਤੇ ਦੂਸਰਾ ਮਾਰਵਾ ਅੰਗ ਵਿੱਚ ਇਨ੍ਹਾਂ ਦੋਹਾਂ ਦਾ ਵਿਸਥਾਰ ਨਾਲ ਵਰਨਣ ਹੈ।

ਸੰਗੀਤ ਅਥਾਹ ਸਮੁੰਦਰ ਹੈ। ਜਿਸ ਦੀ ਥਾਹ ਪਾਉਣੀ ਮੇਰੇ ਜਿਹੇ ਅਨਾੜੀ ਅਲਪ ਬੁੱਧੀ ਲਈ ਮੁਸ਼ਕਿਲ ਹੀ ਨਹੀਂ ਨਾ ਮੁਮਕਿਨ ਵੀ ਹੈ। ਜਿੱਥੇ ਇਸ ਪੁਸਤਕ ਨੇ ਗੁਰਮਤਿ ਸੰਗੀਤ ਦੇ ਖਜਾਨੇ ਨੂੰ ਭਰਪੂਰ ਕੀਤਾ ਹੈ ਉਥੇ ਬਹੁਤ ਕੀਮਤੀ ਖਜਾਨਾ ਨਸ਼ਟ ਹੋਣ ਤੋਂ ਵੀ ਬਚਾਇਆ ਹੈ। ਇਹ ਪੁਸਤਕ ਸੰਗੀਤ ਪ੍ਰੇਮੀਆਂ ਗੁਰੂ ਕੇ ਕੀਰਤਨੀਆਂ ਅਤੇ ਸੰਗੀਤ ਅਧਿਆਪਕਾਂ ਲਈ ਬਹੁਤ ਲਾਹੇਵੰਦ ਸਿੱਧ ਹੋਵੇਗੀ। ਜੇਕਰ ਇਸ ਵਿੱਚੋਂ ਸੇਧ ਲੈ ਕੇ ਨਵੀਂ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੋੜ ਸਕੀਏ ਤਾਂ ਲੇਖਕ ਦੀ ਕੀਤੀ ਘਾਲ-ਥਾਇ ਪਵੇਗੀ। ■

★ ਗੁਰਮਤਿ ਸੰਗੀਤ ਵਿਦਿਆਲਾ, # ਬੀ-367, ਸੇਖੂਪੁਰਾ ਸੁਨਾਮੀ ਗੇਟ, ਸੰਗਰੂਰ

# ਅਨਮੋਲ ਕੀਰਤਨ ਕੈਸਟਾਂ

## ਸੰਗ੍ਰਹਿ ਕਰਤਾ: ਅਵਤਾਰ ਸਿੰਘ 'ਹੰਸ' ★

ਗੁਰਬਾਣੀ ਕੀਰਤਨ ਦੀਆਂ ਕੁਝ ਦੁਰਲਭ ਤੇ ਚੋਣਵੀਆਂ ਕੈਸਟਾਂ ਜਿਨ੍ਹਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ 31 ਰਾਗਾਂ ਅਤੇ ਹੋਰ ਪ੍ਰਸਿੱਧ ਰਾਗਾਂ ਵਿੱਚ ਗੁਰਮਤਿ ਸੰਗੀਤ ਦੀ ਪੁਰਾਤਨ ਸ਼ੁੱਧ ਸ਼ੈਲੀ ਅਨੁਸਾਰ ਪ੍ਰਸਿੱਧ ਵਿਦਵਾਨ ਕੀਰਤਨੀਆਂ ਵੱਲੋਂ ਗਾਇਨ ਕੀਤਾ ਹੋਇਆ ਹੈ ਅਤੇ ਕੁਝ ਹੋਰ ਸਿਰਮੌਰ ਰਾਗੀ ਜਥਿਆਂ ਦੀਆਂ ਚੋਣਵੀਆਂ ਕੈਸਟਾਂ ਜਿਨ੍ਹਾਂ ਵਿੱਚ ਉਚ ਪੱਧਰ ਦਾ ਕੀਰਤਨ ਹੈ ਦਾ ਵੇਰਵਾ ਦੇ ਰਿਹਾ ਹਾਂ। ਭਾਵੇਂ ਇਹ ਕੈਸਟਾਂ ਆਮ ਮਿਊਜ਼ਿਕ ਦੁਕਾਨਾਂ ਮੰਗਵਾ ਸਕਦੇ ਹਾਂ। ਇਸ ਲਈ ਸੂਝਵਾਨ ਕੀਰਤਨ ਸਰੋਤਿਆਂ ਅਤੇ ਅੰਮ੍ਰਿਤ ਕੀਰਤਨ ਦੇ ਸੁਹਿਰਦ ਪਾਠਕਾਂ ਦੀ ਸੇਵਾ ਵਿੱਚ ਕੈਸਟਾਂ ਬਾਰੇ ਜਾਣਕਾਰੀ ਭੇਂਟ ਕਰ ਰਿਹਾ ਹਾਂ ਆਸ ਹੈ ਇਸ ਤੋਂ ਲਾਹਾ ਪ੍ਰਾਪਤ ਕਰੋਗੇ।

1. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਬਦ (ਨਿਰਧਾਰਤ ਰਾਗਾਂ 'ਚ) (3 ਕੈਸਟਾਂ ਦਾ ਸੈਟ) ਕੰਪਨੀ-H.M.V. ਰਾਗੀ-ਭਾਈ ਸਮੁੰਦ ਸਿੰਘ, ਭਾਈ ਧਰਮ ਸਿੰਘ 'ਜਖਮੀ' ਭਾਈ ਬਖਸ਼ੀਸ਼ ਸਿੰਘ, ਭਾਈ ਦਵਿੰਦਰ ਸਿੰਘ, ਭਾਈ ਪਿਆਰਾ ਸਿੰਘ, ਪ੍ਰੋ. ਸੋਹਨ ਸਿੰਘ, ਪ੍ਰੋ. ਹਰਚੰਦ ਸਿੰਘ, ਬੀਬੀ ਅਜੀਤ ਕੌਰ ਆਦਿ।

2. ਰਾਗ ਗੁਲਦਸਤਾ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਦਰਜ 31 ਰਾਗਾਂ ਦਾ ਗਾਇਨ) (5 ਕੈਸਟਾਂ ਦਾ ਸੈਟ) ਰਾਗੀ-ਭਾਈ ਬਲਬੀਰ ਸਿੰਘ ਜੀ (ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ) ਕੰਪਨੀ (D.T.F.)।

3. ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਜਵੱਦੀ-1991 (16 ਕੈਸਟਾਂ ਦਾ ਸੈਟ) 'ਕੰ: ਵਿਸਮਾਦ ਨਾਦ' ਇਸ ਸੈਟ ਵਿੱਚ 31 ਰਾਗਾਂ ਵਿੱਚ 61 ਸਬਦਾਂ ਦਾ ਗਾਇਨ ਹੈ। ਰਾਗੀ ਸ੍ਰੋਮਣੀ ਰਾਗੀ ਭਾਈ ਬਲਬੀਰ ਸਿੰਘ, ਪ੍ਰਿੰ. ਬਲਦੇਵ ਸਿੰਘ, ਭਾਈ ਦਿਲਬਾਗ ਸਿੰਘ, ਭਾਈ ਨਿਰਮਲ ਸਿੰਘ, ਭਾਈ ਸਰਬਜੀਤ ਸਿੰਘ ਰੰਗੀਲਾ, ਭਾਈ ਨਿਰੰਜਨ ਸਿੰਘ, ਪ੍ਰੋ. ਕਰਤਾਰ ਸਿੰਘ, ਪ੍ਰੋ. ਪਰਮਜੋਤ ਸਿੰਘ, ਸਿੰਘ ਬੰਧੂ, ਡਾ. ਅਜੀਤ ਸਿੰਘ ਪੇਂਟਲ, ਡਾ. ਗੁਰਨਾਮ ਸਿੰਘ, ਡਾ. ਦਰਸ਼ਨ ਸਿੰਘ ਨਰੂਲਾ, ਡਾ. ਜਾਗੀਰ ਸਿੰਘ, ਭਾਈ ਅਮਰਜੀਤ ਸਿੰਘ ਤਾਨ, ਭਾਈ ਹਰਜਿੰਦਰ ਸਿੰਘ, ਪ੍ਰੋ. ਹਰਚੰਦ ਸਿੰਘ, ਗੀਤਾ ਪੇਂਟਲ, ਨਿਵੇਕਤਾ ਕੌਰ ਆਦਿ।

4. "ਗਉੜੀ ਰਾਗ ਸੁਲਖਣੀ" (3 ਕੈਸਟਾਂ ਦਾ ਸੈਟ) 'ਵਿਸਮਾਦ ਨਾਦ' ਰਾਗੀ-ਭਾਈ ਅਵਤਾਰ ਸਿੰਘ, ਪ੍ਰੋ. ਕਰਤਾਰ ਸਿੰਘ, ਪ੍ਰਿੰ. ਸ਼ਮਸ਼ੇਰ ਸਿੰਘ ਕਰੀਰ, ਡਾ. ਗੁਰਨਾਮ ਸਿੰਘ।

5. 50 ਸਾਲਾਂ ਦੇ ਰਿਕਾਡ ਕੀਤੇ ਹੋਏ ਸ਼ਾਨਦਾਰ ਸ਼ਬਦ (5 ਕੈਸਟਾਂ ਦਾ ਸੈਟ) 'H.M.V.' ਰਾਗੀ-ਭਾਈ ਅਵਤਾਰ ਸਿੰਘ, ਪ੍ਰੋ. ਕਰਤਾਰ ਸਿੰਘ, ਭਾਈ ਬਖਸੀਸ਼ ਸਿੰਘ, ਭਾਈ ਦਵਿੰਦਰ ਸਿੰਘ, ਸਿੰਘ ਬੰਧੂ, ਮੰਨਾ ਡੇ, ਮੁਹੰਮਦ ਰਫੀ ਆਦਿ।

6. ਸ਼ਬਦ ਤੇ ਸਲੋਕ ਗੁਰੂ ਤੇਗ ਬਹਾਦੁਰ ਜੀ (ਨਿਰਧਾਰਤ ਰਾਗਾਂ ਦੇ ਸ਼ਬਦ) 'H.M.V.'।

7. ਸ੍ਰ: ਭਾਈ ਬਖਸ਼ੀਸ਼ ਸਿੰਘ ਜੀ ਦੀਆਂ ਚੋਣਵੀਆਂ ਕੈਸਟਾਂ। (1) ਮੇਰੇ ਜੀਅੜਿਆ (2) ਮੈ ਅੰਧਲੇ ਕੀ ਟੇਕ (ਸਰਬ ਸਾਝੀਂ ਗੁਰਬਾਣੀ) ਟੈਕਸਲਾ (3) ਆਰਤੀ, ਪਾਤੀ ਤੋਰੈ ਮਾਲਨੀ (4) ਕਾਟੇ ਕਸਟ ਪੂਰੇ ਗੁਰਦੇਵ (5) ਭਗਤਾਂ ਦੀ ਬਾਣੀ (6) ਬੀਰ ਰਸੀ ਬਾਣੀ ਪਾਤਿ: ੧੦ (7) ਆਦਿ ਜੁਗਾਦਿ ਆਪ ਰਖਣ ਵਾਲਿਆ (8) ਤੁਮ ਹੋ ਸਭ ਰਾਜਨ ਕੇ ਰਾਜਾ (ਨਿਰਧਾਰਤ ਰਾਗ 'ਚ) 'M.P.I.'।

8. ਭਾਈ ਅਵਤਾਰ ਸਿੰਘ ਜੀ 'ਦਿੱਲੀ ਵਾਲੇ' 1. ਗੁਰਬਾਣੀ ਕੀਰਤਨ (ਨਿਰਧਾਰਤ ਰਾਗਾਂ) (2 ਕੈਸਟਾਂ ਦਾ ਸੈਟ) (ਮੈਗਨਾਸਾਊਂਡ ਕੰਪਨੀ) 2. ਤੇਰੀ ਉਪਮਾ ਤੋਹਿ ਬਨਿ ਆਵੈ (ਨਿਰਧਾਰਤ ਰਾਗਾਂ 'ਚ) (ਟੀ-ਸਿਰੀਜ਼)।

9. ਸ੍ਰੋਮਣੀ ਰਾਗੀ ਭਾਈ ਬਲਬੀਰ ਸਿੰਘ ਜੀ (ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ) 1. ਤੂ ਕੁਨ ਰੇ vol-1 2. ਤੂ ਸੁਲਤਾਨ vol-2 (ਟੀ-ਸਿਰੀਜ਼)।

10. ਭਾਈ ਨਿਰਮਲ ਸਿੰਘ 'ਖਾਲਸਾ' (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ) 1. ਰਾਗ ਨਾਦ ਸਭ ਸਚ ਹੈ (2 ਕੈਸਟਾਂ ਦਾ ਸੈਟ) (ਨਿਰਧਾਰਤ ਰਾਗਾਂ 'ਚ) (ਟੀ-ਸਿਰੀਜ਼) 2. ਰਾਗ ਨਾਦ ਸ਼ਬਦ ਸੋਹਣੇ (ਨਿਧਾਰਤ ਰਾਗਾਂ 'ਚ) 3. ਆਵਹੁ ਸਜਣਾ ਹਉ ਦੇਖਾ ਦਰਸਨ ਤੇਰਾ (ਟੀ-ਸਿਰੀਜ਼) 4. ਵਡੇ ਵਡੇ ਜੋ ਦੀਸੇ ਲੋਗ 5. ਕਰਬੰਦੇ ਤੂੰ ਬੰਦਗੀ 6. ਮੋਰ ਬਬੀਹੇ ਬੋਲਦੇ (ਟੀ-ਸਿਰੀਜ਼)।

11. ਭਾਈ ਗੁਰਮੇਜ ਸਿੰਘ ਜੀ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ) 1. ਬਿਨ ਭਾਗਾਂ ਐਸ ਸੰਗ ਨ ਲਭੈ 2. ਰੋਗੀ ਕਾ ਪ੍ਰਭ ਖੰਡਹੁ ਰੋਗ 3. ਰੇ ਸ੍ਰੀਰ (ਟੀ-ਸਿਰੀਜ਼) 4. ਹਰਿ ਮੰਦਰ ਹਰਿ ਜੀਉ ਸਾਜਿਆ

★ ਗੁਰਦੁਆਰਾ ਨਾਨਕ ਪੁਰਾ, ਸੁਨਾਮੀ ਗੇਟ, ਸੰਗਰੂਰ

(ਇੰਡੀਆ ਟੁਡੇ) 5. ਸਭ ਤੁਧਹੀ ਪਾਸਹੁ ਮੰਗਦੇ (ਟੀ-ਸਿਰੀਜ਼)

12. ਭਾਈ ਹਰੀ ਸਿੰਘ ਜੀ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ) 1. ਹਰਿ ਜਨ ਬੋਲਤ ਸ੍ਰੀ ਰਾਮ ਨਾਮ (ਇੰਡੀਆ ਟੁਡੇ) 2. ਨਾਨਕ ਦੁਖੀਆ ਸਭ ਸੰਸਾਰ (ਟੀ-ਸਿਰੀਜ਼)।

13. ਭਾਈ ਗੁਰਮੇਲ ਸਿੰਘ ਜੀ (ਸਾਬਕਾ ਹਜ਼ੂਰੀ ਸ੍ਰੀ ਦਰਬਾਰ ਸਾਹਿਬ) 1. ਸਭੇ ਇਛਾ ਪੂਰੀਆਂ॥ 2. ਮੈ ਅੰਧਲੇ ਕੀ ਟੇਕ॥ 3. ਮੇਰਾ ਵੈਦ ਗੁਰੂ ਗੋਬਿੰਦਾ॥ (T.P.M.) 4. ਪ੍ਰਭ ਜੂ ਤੋ ਕਹਿ ਲਾਜ ਹਮਾਰੀ (T.P.M.) 5. ਅੰਮ੍ਰਿਤ ਰਸਨਾ ਪੀਓ ਪਿਆਰੀ (ਟੀ-ਸਿਰੀਜ਼)।

14. ਭਾਈ ਸੁਰਿੰਦਰ ਸਿੰਘ 'ਪਟਨਾ ਸਾਹਿਬ ਵਾਲੇ' (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ) 1. ਮਨ ਮੇਰੇ ਅਨ ਦਿਨ ਜਾਗ॥ 2. ਨਿਤ ਨਿਤ ਜਾਗਰਨ ਕਰੋ 3. ਨਾਨਕ ਦੁਖੀਆ ਸਭ ਸੰਸਾਰ 4. ਰਾਮ ਨਾਮ ਗੁਨ ਗਾਇ ਲੇ ਮੀਤਾ (ਸਰਬ ਸਾਝੀਂ ਗੁਰਬਾਣੀ) ਸੰਤਾ ਨਾਲ ਵੈਰ ਕਮਾਵਦੇ (M.P.I.)।

15. ਭਾਈ ਨਰਿੰਦਰ ਸਿੰਘ 'ਬਨਾਰਸ ਵਾਲੇ' (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ) 1. ਸਭ ਧੰਨ ਕਹਹੁ 2. ਨੇਤ੍ਰ ਪੁਨੀਤ ਭਏ (ਟੀ-ਸਿਰੀਜ਼)।

16. ਭਾਈ ਮਨਜੀਤ ਸਿੰਘ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ) 1. ਮੈ ਪ੍ਰੇਮ ਰਸੁ ਪਾਇਆ (ਟੀ-ਸਿਰੀਜ਼) 2. ਤੂ ਮੇਰੇ ਪ੍ਰਾਨ ਅਧਾਰੇ 3. ਨੈਣੀ ਮੇਰੇ ਪਿਆਰਿਆ (ਆਡੀਓ ਟੱਚ)

17. ਭਾਈ ਜਸਵੀਰ ਸਿੰਘ 'ਖਾਲਸਾ' (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ) 1. ਹੋਇ ਨਿਮਾਣੀ ਢਹਿ ਪਵਾ 2. ਗੁਰਮਤਿ ਚਲਦੇ ਵਿਰਲੇ ਬੰਦੇ (ਟੀ-ਸਿਰੀਜ਼)।

18. ਸ੍ਰ: ਭਾਈ ਹਰਚਰਨ ਸਿੰਘ ਦਰਵੇਸ਼ ( ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ) 1. ਤੂ ਮੇਰਾ ਕਰਤਾ (ਟੀ-ਸਿਰੀਜ਼)।

19. ਭਾਈ ਸਰਬਜੀਤ ਸਿੰਘ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ) 1. ਛਡਿ ਸਿੰਘਾਸਣ ਹਰਿ ਜੀ ਆਏ 2. ਕੀਰਤਨ ਨਿਰਮੋਲਕ ਹੀਰਾ (ਆਡੀਓ ਟੱਚ) ਭਾਈ ਰਵਿੰਦਰ ਸਿੰਘ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ)

20. 1. ਨਿਤ ਜਪੀਐ ਸਾਸ ਗਿਰਾਸ 2. ਪਿਰ ਸੰਗ ਮੂਠੜੀਏ (ਟੀ-ਸਿਰੀਜ਼) 3. ਦੁਇ ਦੁਇ ਲੋਚਨ ਪੇਖਾ 4. ਹਰਿ ਪ੍ਰਾਨ ਪ੍ਰਭੁ ਸੁਖਦਾਤੇ। (ਟੀ-ਸਿਰੀਜ਼)।

21. ਸ੍ਰ: ਭਾਈ ਦਵਿੰਦਰ ਸਿੰਘ ਜੀ (ਗੁਰਦਾਸਪੁਰੀ) 1. ਸੇ ਸਿਮਰਹਿ ਜਿਨ ਆਪਿ ਸਿਮਰਾਇ 2. ਸਾਧੋ ਗੋਬਿੰਦ ਕੇ ਗੁਣ ਗਾਵਉ (ਅੰਮ੍ਰਿਤ ਬਾਣੀ) 3. ਦਰਸ਼ਨ ਦੀਜੈ ਖੋਲ ਕਿਵਾੜ (H.M.V.) 4. ਜਾ ਤੂ ਮੇਰੇ ਵੱਲ ਹੈ (M.P.I.)।

22. ਸ੍ਰ: ਭਾਈ ਚਰਨਜੀਤ ਸਿੰਘ 'ਬਾਵਰ' ਦਿੱਲੀ ਵਾਲੇ 1. ਸਤਿਗੁਰ ਮੇਰਾ ਸਦਾ ਦਇਆਲਾ, 2. ਮਨ ਬੇਚੈ ਸਤਿਗੁਰੂ ਕੇ ਪਾਸਿ (ਅੰਮ੍ਰਿਤ ਬਾਣੀ)

23. ਸ੍ਰ: ਭਾਈ ਤਖਤ ਸਿੰਘ ਜੀ ਦਿੱਲੀ 1. ਸਭ ਗੋਬਿੰਦ ਹੈ ਸਭ ਗੋਬਿੰਦ ਹੈ 2. ਗੁਰ ਨਾਨਕ ਦੀ ਵਡਿਆਈ (ਸਰਬ ਸਾਝੀਂ ਗੁਰਬਾਣੀ)।

24. ਸ੍ਰ: ਭਾਈ ਗੁਰਚਰਨ ਸਿੰਘ 'ਰਸੀਲਾ' 'ਦਿੱਲੀ ਵਾਲੇ' 1. ਵਡੀ ਤੇਰੀ ਵਡਿਆਈ (T.P.M.)।

25. ਸ੍ਰ: ਭਾਈ ਰਜਿੰਦਰ ਸਿੰਘ ਜੀ 'ਡੁਬਈ ਵਾਲੇ' 1. ਸਾਧ ਸੰਗਿ ਜਿਨ ਪਾਇਆ (S.E.M.) 2. ਸਿਮਰ ਮਨਾ ਰਾਮ ਨਾਮ ਚਿਤਾਰੇ (ਮਧੁਰ ਬਾਣੀ)।

26. ਪ੍ਰਿੰ. ਬਲਦੇਵ ਸਿੰਘ ਜੀ 'ਦਿੱਲੀ' 1. ਕੰਮਲੀਏ ਬਾਹਰਿ ਕਿਆ ਢੂਡਹਿ 2. ਸਤਿਗੁਰ ਮੂਰਤਿ ਕਉ ਬਲਿ ਜਾਉ (ਅੰਮ੍ਰਿਤ ਬਾਣੀ)

27. ਭਾਈ ਬਲਜੀਤ ਸਿੰਘ ਗੁਰਮੀਤ ਸਿੰਘ 'ਨਾਮਧਾਰੀ' 'ਦਿੱਲੀ ਵਾਲੇ' 1. ਤੇਰਾ ਦਿਤਾ ਖਾਵਣਾ 2. ਧੁਰ ਕੀ ਬਾਣੀ ਆਈ 3. ਮੇਰੀ ਅਬੈ ਬੇਨਤੀ ਸੁਨ ਲੀਜੈ 4. ਆਜ ਮੋਰੇ ਆਇ ਹੈ 5. ਪ੍ਰਗਟਿਓ ਖਾਲਸਾ 6. ਅੰਮ੍ਰਿਤ ਪੀਆ ਸਤਿਗੁਰ ਦੀਆ (ਟੀ-ਸਿਰੀਜ਼)।

28. ਭਾਈ ਚਤਰ ਸਿੰਘ ਜੀ 'ਸਿੰਧੀ' 1. ਐਸੀ ਭਵਰਾ ਵਾਸ ਲੇ 2. ਜੋ ਹਰਿ ਕਾ ਪਿਆਰਾ, ਸਭ ਗੋਬਿੰਦ ਹੈ (ਸਰਬ ਸਾਝੀਂ ਗੁਰਬਾਣੀ) 3. ਜੇ ਲੋਕ ਸਲਾਹੇ 4. ਇਕ ਦਾਤੇ ਇਕ ਮੰਗਤੇ (ਅੰਮ੍ਰਿਤ ਬਾਣੀ)

29. ਡਾ. ਜਾਗੀਰ ਸਿੰਘ ਜੀ 'ਚੰਡੀਗੜ੍ਹ ਵਾਲੇ' 1. ਭਜਹੁ ਗੋਬਿੰਦ 2. ਥੰਮੇ ਕੋਇ ਨਾ ਸਾਧ ਬਿਨ (M.P.I.) 3. ਬਾਬੀਹਾ ਅੰਮ੍ਰਿਤ ਵੇਲੇ ਬੋਲਿਆ (ਅੰਮ੍ਰਿਤ ਵਰਖਾ) 4. ਪੂਤਾ ਮਾਤਾ ਕੀ ਆਸੀਸ (ਅੰਮ੍ਰਿਤ ਵਰਖਾ) 5. ਜਿਉ ਰਾਖਹਿ ਤਿਉ ਰਹੀਐ (ਅੰਮ੍ਰਿਤ ਵਰਖਾ) 6. ਭਾਗ ਹੋਆ (ਮਿਊਜ਼ਿਕ ਇੰਡੀਆ) 7. ਸਭ ਬਿਧ ਤੁਮ ਹੀ ਜਾਨਤੇ (ਟੀ-ਸਿਰੀਜ਼) 8. ਜਾਗਤ ਜੋਤ ਜਪੈ ਨਿਸ ਬਾਸਰ (ਅੰਮ੍ਰਿਤ ਕੀਰਤਨ ਟ੍ਰਸਟ)।

30. ਭਾਈ ਜਸਵੀਰ ਸਿੰਘ ਜੀ 'ਪਾਉਂਟਾ ਸਾਹਿਬ

ਵਾਲੇ' 1. ਰੰਗ ਰਤਾ ਮੇਰਾ ਸਾਹਿਬ 2. ਮੇਰੀ ਪਟੀਆ ਲਿਖ ਦੇਹੁ 3. ਜਬੈ ਬਾਣ ਲਾਗਿਓ (ਟੀ-ਸਿਰੀਜ਼) 4. ਐਸੀ ਮਰਨੀ ਜੋ ਮਰੈ 5. ਹਰਿ ਕੀ ਸੇਵਾ 6. ਹਰਿ ਜੀਉ ਨਿਮਾਣਿਆ ਤੂ ਮਾਣ (ਗੁਰਬਾਣੀ ਰਸ)।

31. ਭਾਈ ਅਮਰੀਕ ਸਿੰਘ ਜੀ 'ਜਖਮੀ' (ਜਲੰਧਰ ਵਾਲੇ) 1. ਜੋਗੀ ਅੰਦਰਿ ਜੋਗੀਆ 2. ਸਾਜਨੜਾ ਮੇਰਾ ਸਾਜਨੜਾ 3. ਏਕ ਰਤੀ ਬਿਨ ਏਕ ਰੱਤੀ ਕੇ (ਟੀ-ਸਿਰੀਜ਼)।

32. ਭਾਈ ਸੋਹਨ ਸਿੰਘ ਜੀ 'ਰਸੀਆ' 1. ਮੇਰੇ ਬਾਬਾ ਮੈ ਬਉਰਾ 2. ਅਉਖੀ ਘੜੀ ਨ ਦੇਖਣ ਦੇਣੀ (ਅੰਮ੍ਰਿਤ ਬਾਣੀ) 3. ਭਇਆ ਦਿਵਾਨਾ ਸ਼ਾਹ ਕਾ 4. ਸਭ ਗੋਬਿੰਦ ਹੈ (ਟੀ-ਸਿਰੀਜ਼)।

33. ਭਾਈ ਹਰਜੀਤ ਸਿੰਘ ਗੁਰਦੀਪ ਸਿੰਘ 'ਦਿੱਲੀ ਵਾਲੇ' 1. ਮਿਲ ਮੇਰੇ ਪ੍ਰੀਤਮਾ ਜੀਉ (ਅੰਮ੍ਰਿਤ ਬਾਣੀ) 2. ਮੋਹਨ ਘਰ ਆਵਹੁ (ਸਰਬ ਸਾਂਝੀ ਗੁਰਬਾਣੀ)।

34. ਭਾਈ ਸਰਬਜੀਤ ਸਿੰਘ 'ਰੰਗੀਲਾ' (ਦੁਰਗ ਵਾਲੇ) 1. ਇਹ ਸਾਗਰ ਸੋਈ ਤਰੈ 2. ਪੂਜਾ ਕੀਜੈ ਨਾਮ ਧਿਆਈਐ (ਅੰਮ੍ਰਿਤ ਬਾਣੀ) 3. ਰਾਮ ਰੰਗ ਕਦੇ ਉਤਰ ਨਾ ਜਾਇ 4. ਸਾਜਨ ਤੇਰੇ ਚਰਨ ਕੀ (ਅੰਮ੍ਰਿਤ ਬਾਣੀ)।

35. ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ ਜੀ 1. ਸਾਚੀ ਪ੍ਰੀਤ 2. ਤੂ ਬੇਅੰਤ ਕੋ ਵਿਰਲਾ ਜਾਣੈ (ਅੰਮ੍ਰਿਤ ਬਾਣੀ)।

36. ਭਾਈ ਭੁਪਿੰਦਰ ਸਿੰਘ 'ਦਿੱਲੀ ਵਾਲੇ' 1. ਹਰਿ ਬਾਹ ਪ੍ਰਭ ਪਕਰਾਇ ਜੀਉ (ਵੀਨਸ) 2. ਮਨ ਖਿੜਿਆ ਹਰਿਆ ਬਾਗ (ਸਰਬ ਸਾਂਝੀ ਗੁਰਬਾਣੀ)।

37. ਭਾਈ ਮਹਿੰਦਰ ਜੀਤ ਸਿੰਘ 'ਦਿੱਲੀ' 1. ਐਸੀ ਕ੍ਰਿਪਾ ਮੋਹਿ ਕਰਉ 2. ਰਹਮ ਤੇਰੀ ਸੁਖ ਪਾਇਆ (ਟੀ-ਸਿਰੀਜ਼)।

38. ਸ੍ਰ: ਭਾਈ ਪਿਆਰਾ ਸਿੰਘ ਜੀ 'ਪਟਿਆਲਾ' 1. ਪ੍ਰਭ ਡੋਰੀ ਹਾਥ ਤੁਮਾਰੇ (ਸਰਬ ਸਾਂਝੀ ਗੁਰਬਾਣੀ)।

39. ਪ੍ਰੋ. ਪਰਮਜੋਤ ਸਿੰਘ 'ਮੁੱਲਾਂਪੁਰ' 1. ਮੈ ਮਨਿ ਵਡੀ ਆਸ ਹਰੇ (ਜੁਆਇਸ)।

40. ਡਾ. ਚਰਨ ਕਮਲ ਸਿੰਘ (ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ) 1. ਆਗਿਆ ਭਈ ਅਕਾਲ ਕੀ (ਸਰਬ ਸਾਂਝੀ ਗੁਰਬਾਣੀ)।

41. ਭਾਈ ਮਹਿੰਦਰ ਸਿੰਘ 'ਸਾਗਰ' 1. ਚਰਨ ਕਮਲ ਕੀ ਆਸ (ਸਰਬ ਸਾਂਝੀ ਗੁਰਬਾਣੀ)।

42. ਭਾਈ ਹਰਬੰਸ ਸਿੰਘ 'ਹੰਸ' (ਸੰਗਰੂਰ ਵਾਲੇ) 1. ਹਮਰਾ ਖੁਸੀ ਕਰੈ ਨਿਤ ਜੀਓ (J.R.C.)।

43. ਭਾਈ ਗੁਰਮੀਤ ਸਿੰਘ 'ਸ਼ਾਂਤ' ਜੈ ਤੇਗੰ (S.V.)।

44. ਭਾਈ ਲਾਲ ਜੀ ਪਾਕਿਸਤਾਨ ਵਾਲੇ (ਭਿੰਨੀ ਰੈਨੜੀਏ) (H.M.V.)।

45. ਬੀਬੀ ਗੁਰਿੰਦਰ ਕੌਰ 'ਦਿੱਲੀ' (ਬਾਰਹਮਾਹਾ ਮਾਝ) (ਮੈਗਨਾਸਾਉਂਡ)।

46. ਬੀਬੀ ਨਿਵੇਦਤਾ ਕੌਰ (ਖਾਲਸਾ ਮੇਰੋ ਰੂਪ ਹੈ ਖਾਸ) (ਰਿਆਜ਼)।

47. ਭਾਈ ਦਵਿੰਦਰ ਪ੍ਰਤਾਪ ਸਿੰਘ 'ਦਿੱਲੀ' (ਕ੍ਰਿਪਾ ਕਰ ਬਨਵਾਰੀਆ) (ਅੰਮ੍ਰਿਤ ਬਾਣੀ)।

48. ਭਾਈ ਸ਼ਮਸ਼ੇਰ ਸਿੰਘ 'ਜ਼ਖਮੀ' (ਤੇਰਾ ਜਨ ਨਿਰਤ ਕਰੇ ਗੁਨ ਗਾਵੈ) (ਅੰਮ੍ਰਿਤ ਬਾਣੀ)।

49. ਭਾਈ ਸੰਤਾ ਸਿੰਘ (ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਜੀਉ) (ਅੰਮ੍ਰਿਤ ਬਾਣੀ)।

50. ਭਾਈ ਇਕਬਾਲ ਸਿੰਘ ਅਵਤਾਰ ਸਿੰਘ 'ਲੁਧਿਆਣਾ' 1. ਦਾਸ ਅਪਨੇ ਕਉ ਨਾਮਦੇਹੁ 2. ਮੈ ਪ੍ਰੇਮ ਰਸਿ ਪਾਇਆ (T.P.M.)। ■

HOTEL AROMA COMPLEX

HOTEL AROMA COMPLEX

Himalaya Marg, Sector 22-C, Chandigarh 160 022

Phone : 700045-48 Fax : 0172-700051

# ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| | | |
|---|---|---|
| **ਬਿਲਾਵਲੁ ਮਹਲਾ ੫॥ (੮੨੦)** | **Bilawal 5th Guru.** | **ਬਿਲਾਵਲ ਪੰਜਵੀਂ ਪਾਤਸ਼ਾਹੀ** |
| ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੇ ॥ | My sire Master, Thou art support of my life. | ਮੇਰੇ ਮਹਾਰਾਜ ਮਾਲਕ! ਤੂੰ ਮੇਰੀ ਜਿੰਦ ਜਾਨ ਦਾ ਆਸਰਾ ਹੈਂ। |
| ਨਮਸਕਾਰ ਡੰਡਉਤਿ ਬੰਦਨਾ ਅਨਿਕ ਬਾਰ ਜਾਉ ਬਾਰੇ ॥੧॥ | I make obeisance and prostration to Thee and many a time am a sacrifice unto Thee. | ਮੈਂ ਤੇਰੇ ਅਗੇ ਬੰਦਗੀ ਤੇ ਲੰਮੇ ਪੈ ਪ੍ਰਾਰਥਨਾ ਕਰਦਾ ਹਾਂ ਅਤੇ ਬਹੁਤ ਵਾਰੀ ਤੇਰੇ ਉਤੋਂ ਘੋਲੀ ਵੰਞਦਾ ਹਾਂ। |
| ਰਹਾਉ॥ | Pause | ਠਹਿਰਾਉ। |
| ਊਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੇ॥ | Standing, sitting, sleeping and walking, this soul contemplates Thee, O Lord. | ਖਲੋਤਿਆਂ, ਬਹਿੰਦਿਆਂ, ਸੁੱਤਿਆਂ ਅਤੇ ਜਾਗਦਿਆਂ, ਇਹ ਜਿੰਦੜੀ ਤੈਨੂੰ ਸਿਮਰਦੀ ਹੈ, ਹੇ ਸਆਮੀ! |
| ਸੂਖ ਦੂਖ ਇਸੁ ਮਨ ਕੀ ਬਿਰਥਾ ਤੁਝ ਹੀ ਆਗੈ ਸਾਰੇ ॥੧॥ | Weal, woe and the state of this mind, narrate I before Thee. | ਖ਼ੁਸ਼ੀ, ਗ਼ਮੀ ਅਤੇ ਇਸ ਚਿਤ ਦੀ ਅਵਸਥਾ ਮੈਂ ਤੇਰੇ ਮੂਹਰੇ ਵਰਨਣ ਕਰਦਾ ਹਾਂ। |
| ਤੂ ਮੇਰੀ ਓਟ ਬਲ ਬੁਧਿ ਧਨੁ ਤੁਮ ਹੀ ਤੁਮਹਿ ਮੇਰੈ ਪਰਵਾਰੇ ॥ | O Lord, Thou art my shelter, Thou art my power, intellect and riches and Thou art may family. | ਹੇ ਸਾਂਈਂ ਤੂੰ ਮੇਰੀ ਟੇਕ ਹੈਂ ਤੂੰ ਮੇਰਾ ਜੋਰ ਅਕਲ ਅਤੇ ਦੌਲਤ ਹੈਂ ਅਤੇ ਤੂੰ ਮੇਰਾ ਟੱਬਰ ਕਬੀਲਾ ਹੈਂ। |
| ਜੋ ਤੁਮ ਕਰਹੁ ਸੋਈ ਭਲ ਹਮਰੈ ਪੇਖਿ ਨਾਨਕ ਸੁਖ ਚਰਨਾਰੇ ॥੨॥੨॥੮੨॥ | Whatever Thou doest, that deem I good. Seeing Thine lotus feet, peace wells up in me. | ਜਿਹੜਾ ਕੁਛ ਤੂੰ ਕਰਦਾ ਹੈਂ, ਮੈਂ ਉਸ ਨੂੰ ਚੰਗਾ ਮਨਾਉਂਦਾ ਹਾਂ। ਤੇਰੇ ਕਵਲ ਪੈਰਾ ਨੂੰ ਵੇਖ ਕੇ ਅੰਦਰ ਠੰਢ-ਚੈਨ ਉਤਪਨ ਹੁੰਦੀ ਹੈ। |

● ● ●

| | | |
|---|---|---|
| **ਗਉੜੀ ਗੁਆਰੇਰੀ ਮਹਲਾ ੫॥** | **Gauri Guareri 5th Guru.** | **ਗਉੜੀ ਗੁਆਰੇਰੀ ਪਾਤਸ਼ਾਹੀ ਪੰਜਵੀਂ!** |
| ਸੁਣਿ ਹਰਿ ਕਥਾ ਉਤਾਰੀ ਮੈਲੁ॥ ਮਹਾ ਪੁਨੀਤ ਭਏ ਸੁਖ ਸੈਲੁ॥ | By hearing God's discourse, I have shed my filth. I have become very pure, and I walk in peace. | ਵਾਹਿਗੁਰੂ ਦੀ ਵਾਰਤਾ ਸਰਵਣ ਕਰਕੇ ਮੈਂ ਆਪਣੀ ਗੰਦਗੀ ਲਾਹ ਸੁੱਟੀ ਹੈ। ਮੈਂ ਪਰਮ ਪਵਿੱਤ੍ਰ ਹੋ ਗਿਆ ਹਾਂ ਤੇ ਆਰਾਮ ਵਿੱਚ ਸੈਰ ਕਰਦਾ ਹਾਂ। |
| ਵਡੈ ਭਾਗਿ ਪਾਇਆ ਸਾਧ ਸੰਗੁ॥ ਪਾਰਬ੍ਰਹਮ ਸਿਉ ਲਾਗੋ ਰੰਗੁ ॥੧॥ | By great good fortune, I have obtained the society of saints, and have fallen in love with the Supreme Lord. | ਪਰਮ ਚੰਗੇ ਕਰਮਾਂ ਦੁਆਰਾ, ਮੈਨੂੰ ਸਤਿਸੰਗਤ ਪ੍ਰਾਪਤ ਹੋਈ ਹੈ, ਅਤੇ ਮੇਰੀ ਸ਼੍ਰੋਮਣੀ ਸਾਹਿਬ ਨਾਲ ਪ੍ਰੀਤ ਪਈ ਹੈ। |
| ਹਰਿ ਹਰਿ ਨਾਮੁ ਜਪਤ ਜਨੁ ਤਾਰਿਓ॥ | By meditating on Lord God's Name, I, the servant, am saved. | ਵਾਹਿਗੁਰੂ ਸੁਆਮੀ ਦੇ ਨਾਮ ਦਾ ਆਰਾਧਨ ਕਰਨ ਦੁਆਰਾ ਮੈਂ, ਨੌਕਰ, ਪਾਰ ਉਤਰ ਗਿਆ ਹਾਂ। |
| ਅਗਨਿ ਸਾਗਰੁ ਗੁਰਿ ਪਾਰਿ ਉਤਾਰਿਓ ॥੧॥ | The Guru has conducted me across, the sea of fire. | ਗੁਰਾਂ ਨੇ ਮੈਨੂੰ ਅੱਗ ਦੇ ਸਮੁੰਦਰ ਤੋਂ ਪਾਰ ਕਰ ਦਿੱਤਾ ਹੈ। |
| ਰਹਾਉ॥ | Pause. | ਠਹਿਰਾਉ । |
| ਕਰਿ ਕੀਰਤਨੁ ਮਨ ਸੀਤਲ ਭਏ ॥ ਜਨਮ ਜਨਮ ਕੇ ਕਿਲਵਿਖ ਗਏ ॥ | By singing the praises of the Lord, my mind has been tranquilised, and sins of many births are washed off. | ਸੁਆਮੀ ਦਾ ਜੱਸ ਗਾਇਨ ਕਰਨ ਦੁਆਰਾ ਮੇਰਾ ਚਿੱਤ ਠੰਢਾ ਠਾਰ ਹੋ ਗਿਆ ਅਤੇ ਅਨੇਕਾਂ ਜਨਮ ਦੇ ਪਾਪ ਧੋਤੇ ਗਏ ਹਨ। |

| | | |
|---|---|---|
| ਸਰਬ ਨਿਧਾਨ ਪੇਖੇ ਮਨ ਮਾਹਿ ॥ | All the treasures I have seen within my mind. | ਸਾਰੇ ਖ਼ਜ਼ਾਨੇ, ਮੈਂ ਆਪਣੇ ਹਿਰਦੇ ਅੰਦਰ ਵੇਖ ਲਏ ਹਨ। |
| ਅਬ ਢੂਢਨ ਕਾਹੇ ਕਉ ਜਾਹਿ ॥੨॥ | Why should I, now, go searching for them without? | ਹੁਣ ਮੈਂ ਉਹਨਾਂ ਨੂੰ ਲੱਭਣ ਲਈ ਕਿਉਂ ਬਾਹਰ ਜਾਵਾਂ? |
| ਪ੍ਰਭ ਅਪੁਨੇ ਜਬ ਭਏ ਦਇਆਲ॥ ਪੂਰਨ ਹੋਈ ਸੇਵਕ ਘਾਲ॥ | When, my Master, became meciful, His slave's service, then got accomplished. | ਜਦ ਮੇਰਾ ਮਾਲਕ ਮਿਹਰਬਾਨ ਹੋ ਗਿਆ ਤਾਂ ਉਸ ਦੇ ਗੋਲੇ ਦੀ ਸੇਵਾ ਸੰਪੂਰਨ ਹੋ ਗਈ। |
| ਬੰਧਨ ਕਾਟਿ ਕੀਏ ਅਪਨੇ ਦਾਸ ॥ | He has cut off my fetters, and made me His serf. | ਉਸ ਨੇ ਮੇਰੀਆਂ ਬੇੜੀਆਂ ਕਟ ਕੇ ਮੈਨੂੰ ਆਪਣਾ ਗੁਲਾਮ ਬਣਾ ਲਿਆ ਹੈ। |
| ਸਿਮਰਿ ਸਿਮਰਿ ਸਿਮਰਿ ਗੁਣ ਤਾਸ ॥੩॥ | I remember, remember and remember the Lord, the Treasure of excellences. | ਮੈਂ ਗੁਣਾ ਦੇ ਖ਼ਜ਼ਾਨੇ ਪ੍ਰਭੂ ਦਾ ਆਰਾਧਨ, ਆਰਾਧਨ ਤੇ ਆਰਾਧਨ ਕਰਦਾ ਹਾਂ। |
| ਏਕੋ ਮਨਿ ਏਕੋ ਸਭ ਠਾਇ ॥ | He, alone, is in the mind, and He alone within all the places. | ਕੇਵਲ ਓਹੀ ਅੰਤਹਕਰਣ ਅੰਦਰ ਹੈ ਅਤੇ ਕੇਵਲ ਓਹੀ ਸਾਰਿਆਂ ਥਾਵਾਂ ਅੰਦਰ। |
| ਪੂਰਨ ਪੂਰਿ ਰਹਿਓ ਸਭ ਜਾਇ ॥ | The Perfect Master is fully filling all the sites. | ਮੁਕੰਮਲ ਮਾਲਕ ਸਮੂਹ ਟਿਕਾਣਿਆਂ ਨੂੰ ਮੁਕੰਮਲ ਤੌਰ ਤੇ ਭਰ ਰਿਹਾ ਹੈ। |
| ਗੁਰਿ ਪੂਰੈ ਸਭੁ ਭਰਮੁ ਚੁਕਾਇਆ॥ | The perfect Guru has dispelled all my doubts. | ਪੂਰਨ ਗੁਰਾਂ ਨੇ ਸਮੂਹ ਸੰਦੇਹ ਦੂਰ ਕਰ ਦਿੱਤੇ ਹਨ। |
| ਹਰਿ ਸਿਮਰਤ ਨਾਨਕ ਸੁਖੁ ਪਾਇਆ ॥੪॥੮॥੭੭॥ | By remembering God, Nanak has obtained peace. | ਵਾਹਿਗੁਰੂ ਨੂੰ ਚੇਤੇ ਕਰਕੇ ਨਾਨਕ ਨੇ ਠੰਢ-ਚੈਨ ਪ੍ਰਾਪਤ ਕੀਤੀ ਹੈ। |


ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ ਦੀ
ਇੱਕੋ-ਇੱਕ ਆਵਾਜ਼

**ਸਿੱਖ ਲੀਗ**

(ਪੰਦਰਵਾੜਾ)
2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ - 8
ਫੋਨ : 5707096

**THE SIKH REVIEW**
(A Monthly Magazine)
116, Kamani Mansion
25-A, Park Street, Calcutta

Phone: 675192, 672023
Fax: 0172-672023

**POWER WAVES INDUSTRIES**
Manufacturers & Suppliers of :
GENERATING SETS, ELECTRIC MOTORS
PUMPING SETS & ELECTRICAL ACCESSORIES

Office & Works : E-17, Phase VII, Industrial Focal Point SAS, Nagar (Mohali) - 160 055

## ਪ੍ਰਿੰਸੀਪਲ ਸ਼ਮਸ਼ੇਰ ਸਿੰਘ ਕਰੀਰ ★

### ਰਾਗ ਬਿਲਾਵਲੁ

ਇਸ ਰਾਗ ਵਿੱਚ ਸਾਰੇ ਸ਼ੁਧ ਸੁਰ ਹਨ। ਆਰੋਹ ਵਿੱਚ ਨੀ ਅਤੇ ਅਵਰੋਹ ਵਿੱਚ ਗ ਵਕਰ ਸੁਰ ਹਨ। ਇਸ ਦੇ ਵਿਆਸ ਦੇ ਸੁਰ ਸਾ, ਗ, ਅਤੇ ਧ, ਹਨ। ਇਹ ਮੱਧ ਪ੍ਰਧਾਨ ਰਾਗ ਹੈ ਅਤੇ ਇਸ ਦਾ ਸਰੂਪ ਉਤਰਾਂਗ ਵਿੱਚ ਹੀ ਸਪਸ਼ਟ ਹੁੰਦਾ ਹੈ। ਪ੍ਰਚਾਰ ਵਿੱਚ ਇਸ ਰਾਗ ਨੂੰ ਬਹੁਤ ਘੱਟ ਗਾਇਆ ਅਤੇ ਬਜਾਇਆ ਜਾਂਦਾ ਹੈ। ਇਸ ਦਾ ਸਮਪ੍ਰਕ੍ਰਿਤਕ ਰਾਗ ਅਲ੍ਹੈਆ ਬਿਲਾਵਲ ਹੈ। ਅਲ੍ਹੈਆ ਬਿਲਾਵਲ ਵਿੱਚ ਦੋਵੇਂ ਨਿਸ਼ਾਦ ਅਤੇ ਆਰੋਹ ਵਿੱਚ ਮੱਧਮ ਵਰਜਿਤ ਰੱਖਿਆ ਜਾਂਦਾ ਹੈ। ਬਿਲਾਵਲ ਦੇ ਕੁਝ ਸੁਰ ਸਮੂਹਾਂ ਦਾ ਸਹਾਰਾ ਲੈਣਾ ਪੈਂਦਾ ਹੈ। ਜਿਵੇਂ ਗ ਰੇ ਪ ਮ ਗ, ਧ ਪ ਗ ਪ ਮ ਗ ਆਦਿ। ਬਿਲਾਵਲ ਦੇ ਟਾਕਰੇ ਅਲ੍ਹੈਆ ਬਿਲਾਵਲ ਰਾਗ ਅਧਿਕ ਗਾਇਆ ਅਤੇ ਬਜਾਇਆ ਜਾਂਦਾ ਹੈ। ਬਿਲਾਵਲ ਨੂੰ ਸਵੇਰ ਦਾ ਕਲਿਆਣ ਵੀ ਆਖਿਆ ਜਾਂਦਾ ਹੈ। ਇਹ ਉਤਰਾਂਗ ਵਾਦੀ ਰਾਗ ਹੈ।

ਇਹ ਪੁਰਾਤਨ ਰਾਗ ਹੈ। ਸੰਗੀਤ ਦੇ ਲਗ ਭਗ ਸਾਰੇ ਗ੍ਰੰਥਕਾਰਾਂ ਨੇ ਬਿਲਾਵਲ ਰਾਗ ਦੇ ਉਲੇਖ ਕੀਤਾ ਹੈ। ਅੱਜ ਦੇ ਬਿਲਾਵਲ ਦੇ ਸੁਰ ਪੁਰਾਤਨ ਕੇਦਾਰ ਥਾਟ ਦੇ ਸਮਾਨ ਸਨ।

**ਜਾਤੀ :** ਸੰਪੂਰਣ **ਥਾਟ :** ਬਿਲਾਵਲੁ **ਵਾਦੀ :** ਧ **ਸੰਵਾਦੀ :** ਗ **ਸਮਾਂ :** ਸਵੇਰ ਦਾ ਪਹਿਲਾ ਪਹਿਰ

**ਆਰੋਹ :** ਸ ਰੇ ਗ, ਮ ਪ, ਧ ਨੀ ਧ ਸਾਂ ॥ **ਅਵਰੋਹ :** ਸਾਂ ਨੀ ਧ, ਪ ਮ, ਗ, ਰੇ ਸਾ ॥

**ਪਕੜ :** ਗ ਮ ਗ ਰੇ, ਗ ਪ, ਧ ਨੀ ਧ ਸਾਂ ॥

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| X | | | | 2 | | | | 0 | | | | 3 | | | |
| ਸਥਾਈ | | | | | | | | | | | | | | | |
| | | | | ਗ | ਮ | ਧ | ਪ | ਸਾਂਨੀ | ਧਨੀ | ਸਾਂ | ਧਪ | ਗ | ਰੇਗ | ਪ | ਮ |
| | | | | ਪ੍ਰ | ਭ | ਜੀ | S | ਤੂS | SS | S | ਮੇਰੇ | ਪ੍ਰਾ | SS | ਨ | ਅ |
| ਗ | -ਰੇ | ਸਾ | - | ਸਾ | ਸਾ | ਰੇ | ਸਾ | ਗ | ਗ | ਗ | - | ਸਾ- | - | ਰੇ | ਸਾ |
| ਧਾ | SS | ਰੈ | S | ਨ | ਮ | ਸ | ਕਾ | S | ਰ | ਡੰ | S | ਡੰਉ | S | ਤ | ਬੰ |
| ਗ | ਗ | ਗ | - | ਪ | ਪ | ਪ | ਪ | ਨੀ | ਧ | ਨੀ | ਨੀ | ਸਾਂਨੀ | ਧਨੀ | ਸਾਂਰੇਂ | ਸਾਂਨੀ |
| S | ਦ | ਨ | S | ਅ | ਨਿ | ਕ | ਬਾ | S | ਰ | ਜਾ | ਉ | ਬਾS | SS | SS | SS |
| ਧਪ | ਗਪ | ਮਗ | ਰੇਸਾ | | | | | | | | | | | | |
| SS | SS | ਰੈS | SS | | | | | | | | | | | | |
| ਅੰਤਰਾ | | | | | | | | | | | | | | | |
| | | | | ਪ | - | ਪ | ਪ | ਨੀ | ਧ | ਨੀ | ਨੀ | ਸਾਂ | - | ਸਾਂ | ਸਾਂ |
| | | | | ਉ | S | ਠ | ਤ | ਬੈ | S | ਠ | ਤ | ਸੋ | S | ਵ | ਤ |
| ਧਨੀ | ਸਾਂਰੇਂ | ਸਾਂ | ਸਾਂ | ਗਂ | - | ਗਂ | ਗਂ | ਰੇਂ | ਰੇਂ | ਸਾਂ | ਸਾਂ | ਨੀ | ਧ | ਸਾਂ | ਰੇਂ |
| ਜਾS | SS | ਗ | ਤ | ਇਹ | S | ਮ | ਨ | ਤੁ | ਝਹਿ | S | ਚਿ | ਤਾ | S | S | S |
| (ਸਾਂ) | - | ਧ | ਪ | ਪ | - | ਪ | ਸਾਂ | - | ਸਾਂ | ਧ | ਪ | ਪ | ਪ | ਧ | ਪ |
| ਰੈ | S | S | S | ਸੁ | S | ਖ | ਦੂ | S | ਖ | ਇ | ਸ | ਮ | ਨ | ਕੀ | S |
| ਗ | ਪ | ਮ | ਗ | ਪ | ਪ | ਪ | - | ਨੀ | ਧ | ਨੀ | - | ਸਾਂਨੀ | ਧਨੀ | ਸਾਂਰੇਂ | ਸਾਂਨੀ |
| ਬਿ | ਰ | ਥਾ | S | ਤੁ | ਝ | ਹੀ | S | ਆ | S | ਗੇ | S | ਸਾS | SS | SS | SS |
| ਧਪ | ਗਪ | ਮਗ | ਰੇਸਾ | | | | | | | | | | | | |
| SS | SS | ਰੈS | SS | | | | | | | | | | | | |

ਨੋਟ : ਅਗਲਾ ਅੰਤਰਾ ਉਪਰੋਕਤ ਅਨੁਸਾਰ

★ 2 ਰਘਬੀਰ ਨਗਰ, ਪਟਿਆਲਾ

## ਹਰਦੀਪ ਕੌਰ ★

### ਗਉੜੀ ਗੁਆਰੇਰੀ

ਸੁਰ : ਰੇ̱ ਮ॑ ਤੀਵਰ    ਵਰਜਿਤ ਸੁਰ : ਅਰੋਹ ਵਿਚ 'ਰੇ' ਤੇ 'ਪ'

ਜਾਤੀ : ਔੜਵ ਸ਼ਾੜਵ    ਵਾਦੀ : ਗ    ਸੰਵਾਦੀ : ਧ    ਸਮਾਂ : ਰਾਤ ਦਾ ਪਹਿਲਾ ਪਹਿਰ

ਆਰੋਹ : ਸ ਗ ਮ॑ ਧ ਨੀ ਸਂ ॥    ਅਵਰੋਹ : ਸਂ ਨੀ ਧ ਮ॑ ਗ ਰੇ̱ ਸ, ਰੇ̱ ਗ ਰੇ̱ ਸ ਨ਼ੀ ਸ ॥

ਮੁੱਖ ਅੰਗ : ਗ ਮ ਧ ਮ॑ ਧ - ਮ॑ ਗ ਰੇ̱ ਸ ਨ਼ੀ ਸ ॥

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| X | | | | 2 | | | | 0 | | | | 3 | | | |
| ਸਥਾਈ | | | | | | | | | | | | | | | |
| | | | | | | ਗ | ਮ॑ | ਗਮ॑ | ਧ | ਮ॑ਧ | ਮ॑ਧ | ਮ॑ | ਗ | ਮ॑ | ਗ |
| | | | | | | ਹ | ਰਿ | ਹs | ਰਿ | ਨਾs | ss | ਮ | ਜ | ਪ | ਤ |
| ਰੇ̱ | ਗ | ਰੇ̱ | ਰੇ̱ | ਸ | ਸ | ਸ | ਨ਼ੀ | ਸ | ਸ | ਗ | ਗ | ਮ॑ | ਧ | ਸਂ | ਨੀ |
| ਜ | ਨੁ | ਤਾ | ਰਿ | ਓ | s | ਅ | ਗ | ਨਿ | ਸਾ | ਗ | ਰੁ | ਗੁ | ਰ | ਪਾ | s |
| ਧ | ਮ॑ | ਗ | ਰੇ̱ | ਸ | ਸ | | | | | | | | | | |
| ਰਿ | ਉ | ਤਾ | ਰਿ | ਓ | s | | | | | | | | | | |
| ਅੰਤਰਾ | | | | | | | | | | | | | | | |
| | | | | | | ਮ॑ | - | ਗ | ਗ | ਮ॑ | ਮ॑ | ਧ | ਧ | ਸਂ | - |
| | | | | | | ਸੁ | ਣਿ | ਹ | ਰਿ | ਕ | s | ਥਾ | ਉ | ਤਾ | s |
| ਸਂ | - | ਸਂ | - | ਸਂ | ਸਂ | ਸਂ | ਨੀ | ਧ | ਮ॑ | ਧਨੀ | ਸਂ | ਨੀ | ਧ | ਗਮ॑ | ਧ |
| ਗੀ | s | ਮੇ | s | ਲੁ | s | ਮ | ਹਾ | s | ਪੁ | ਨੀs | s | ਤ | ਭ | ਏs | s |
| ਮ॑ | ਗ | ਗ | ਰੇ̱ | ਸ | - | | | | | | | | | | |
| ਸੁ | ਖ | ਸੈ | s | ਲੁ | s | | | | | | | | | | |

★ # 666-A, Sector: 30-A, Chandigarh

ਰਾਗੀ ਜੱਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦੇ ਕੀਰਤਨ ਦੀਆਂ ਟੇਪਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ।

**ਅੰਮ੍ਰਿਤ ਕੀਰਤਨ ਟ੍ਰਸਟ**
422, ਸੈਕਟਰ 15-A, ਚੰਡੀਗੜ੍ਹ
ਫੋਨ-772660

**ਅੰਮ੍ਰਿਤ ਵਰਖਾ**
7/1, ਵੈਸਟ ਪਟੇਲ ਨਗਰ, ਨਵੀਂ ਦਿੱਲੀ
ਫੋਨ-5742058

With compliments from

**Paramjit Singh**
Principal Consultant

R CED

**Regional Centre For Entrepreneurship Development**

SCO: 219, Sector: 36-D,
Chandigarh - 160 036
Tel.: (O) 601648 (R) 612669
Fax: 91-0172 - 709080

## ਗੁਰਮੁਖ ਵਰ ਢੂੰਢੇਦਿਆਂ

### ( Free Matrimonial Service )

**GURSIKH** match for an Amritdhari middle class Chowdhry Boy (25, 5'-9"), ITI Diploma undergraduate in Electronic Spareparts Business in Nabha. ***Box : 0082***

**WANTED** a Gursikh match for Amritdhari Arora Girl (25, 5'-5"), MCom, MFC, DISM, one year Computer Course. ***Box : 0083***

**SUITABLE** match for Chopra Girl (DOB-18.9.73, 5'-2"), Convent educated, MSc (I Div.), Computer Course, doing MEd. Father retired Add. Excise Com., settled in Ropar. ***Box : 0085***

**GURSIKH** match for fair, slim, smart, sober, intelligent, well versed in Household affairs, Graduate Girl (26+, 5'-4"),Pb. Govt. service, Diplomas- Electronics, 'O' level Computer, Library Science. Family from Jhelum (West Pakistan) now settled at Mohali. Father in Govt. service. Brothers Engineers. ***Box : 0086***

**SUITABLE** match for Amritdhari Girl (23, 5'-2"), BEMS, 4years Electropathy Medical Course, practising in Nursing Home, expert in Household activities. Dowry seekers, please excuse. ***Box : 0087***

**SUITABLE** match for Khatri Bassali, tall, smart and fair complexion Gursikh Graduate Boy (DOB 20.6.1964/Rangoon, 178 cm.). Running own business well established. Legally divorced with no liability. Father expired at Burma. Mother pious/religious lady. The only sister married and well settled in California U.S.A. ***Box : 0088***

**AMRITDHARI** Gursikh Widower (43, 5'-6"), excellent health, teetotaller, vegetarion.Two encumberances. Top most business, Three star Hotel, Petroleum dealer, Tank transporters. Seeks beautiful life partner, widow / unmarried can apply with photo. ***Box : 0089***

**HIGHLY** qualified professional Artist / Educated, well settled, and Music lover, Match for extremly beautiful unmarried slim Khatri Sikh Girl (34, 5'-10"),M.A. Ph.D., Music(V), good Artist, Lect. at Ludhiana. Send photograph at first instance. ***Box: 0090***

**LET** our letters bloom into friendship/ soulmate/marriage. Looking for caring, sincere, pious, engaging Sikh Girl who wants to live in USA. Become pride/joy of handsome, Jat-Sikh (40, 6'/180 lbs.) sensitive professional, highly educated (double M.S.), warm, extremely romantic, US citizen. Caste no bar. Write:

Darshan Singh Grewal,
E - 81722, DQ - 8210
P.O. Box: 8101,
SAN LUIS OBISPO
CA 93409, USA ***Box: 0091***

**SUITABLE** match for a Gursikh Khatri Girl (23, 5'-6½"), fair, tall, slim, beautiful, devoted, divorcee, convent educated, doing post graduation in English. Father Govt. Contractor, two brothers, mother housewife, elders hailing from Rawalpindi, now settled in Chandigarh. ***Box: 0092***

**SUITABLE** match for a Gursikh Khatri /Arora Boy (23, 5'-8"), B.Sc., Computer trained, convent educated, preparing for 3 years MBA course. Father has wholesale medical shop at Agra, mother teacher, one sister younger. ***Box: 0093***

**GURSIKH** match for Amritdhari Girl (26½,5'), M.A., Punjab Govt. Service, Chandigarh. Simple marriage, around Chandigarh preferred. ***Box: 0094***

**SUITABLE** Gursikh match for Sethi undergraduate Girl (28, 5'-3"), fair complexion, smart. Residing Jalandhar City. ***Box: 0095***

**Contact : Sardar Harbhajan Singh #1246, Sector : 22 B, Chandigarh**

***STATE OF ART HEARING AIDS***

***AVAILABLE IN ALL MODELS***

**BONE CONDUCTION SPECTACLE**

**AIR CONDUCTION SPECTACLE**

**IN THE CANAL**

**BEHIND THE EAR**

**POCKET MODEL**

**AND**

***MANY MORE ATTRACTIVE MODELS***

**visit**

**Dr. PREETI AHUJA**

*Sounds*

**THE HEARING AID PEOPLE**

**C-353, DEFENCE COLONY**

**NEW DELHI 110 024**

**PHONE : 011 - 4620485**

ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ

1699-1999
KHALSA
Tricentenary
BANK OF PUNJAB

Recognize All Humankind as One

# Celebrating banking relationships *built to last.*

- LONGER BUSINESS HOURS
- BOP MULTIPLIER
- ATM (24 hours cash deposit & withdrawal facility)
- SWIFT (Instant international funds transfer)
- LOCKERS
- BOP FIXED DEPOST

50 BANKING OFFICES ACROSS INDIA
5th Best Bank among 97 in the Country*
OVER 2,50,000 SATISFIED CUSTOMERS

- BOP COMFOT Recurring Deposit
- BEST BARGAIN AUTO LOANS
- FAX BANKING/TELE BANKING
- CASH MANAGEMENT SERVICES (Quick clearance of outstaion cheques)
- REMOTE CUSTOMER TERMINAL
- BOP SAVINGS

* Source Business India Januray 11 to 24, 1999

BANK OF PUNJAB LTD.

*We Value Relationships*

Visit us at : http//www.bankofpunjab.com